ਨੀਲੀ ਲੁਕਵੀਂ ਲਾਟ

ਇਸੇ ਕਲਮ ਤੋਂ:

ਗ਼ਜ਼ਲ ਗੁਲਜ਼ਾਰ	(ਗ਼ਜ਼ਲ-ਸੰਗ੍ਰਹਿ)
ਅਕਸ ਗੁਆਚੇ	(ਗ਼ਜ਼ਲ-ਸੰਗ੍ਰਹਿ)
ਬੇ-ਖ਼ਬਰ ਹਵਾਵਾਂ ਤੋਂ	(ਗ਼ਜ਼ਲ-ਸੰਗ੍ਰਹਿ)
ਨਕਸ਼ ਫ਼ਰਯਾਦੀ ਹੈ	(ਦੋਹਰਾ-ਸੰਗ੍ਰਹਿ)
ਆਮ ਆਦਮੀ ਕੀ ਕਵਿਤਾ	(ਹਿੰਦੀ ਕਾਵਿ-ਸੰਗ੍ਰਹਿ)
ਸ਼ਬਦ ਸਫ਼ਰ ਮੇਂ ਹੈਂ	(ਹਿੰਦੀ ਕਾਵਿ-ਸੰਗ੍ਰਹਿ)
ਭੀੜ ਕੇ ਸਵਰ	(ਹਿੰਦੀ ਕਾਵਿ-ਸੰਗ੍ਰਹਿ)
ਕੁਛ ਅਣਕਹਾ	(ਹਿੰਦੀ ਕਾਵਿ-ਸੰਗ੍ਰਹਿ)
ਕਵਿਤਾ ਨਿ੍ਤ	(ਹਿੰਦੀ ਕਾਵਿ-ਸੰਗ੍ਰਹਿ)

Alienation in Contemporary Indian English Poetry (Criticism)

ਸੰਗ੍ਰਿਹਾਂ ਵਿੱਚ ਸ਼ਮੂਲੀਅਤ:

ਚੋਣਵੀਂ ਪੰਜਾਬੀ ਗ਼ਜ਼ਲ	(ਸੰਪਾਦਕ ਡਾ. ਜਗਤਾਰ)
ਕਾਵੱਯ ਗਰਿਮਾ	(ਹਿੰਦੀ ਕਾਵਿ-ਸੰਗ੍ਰਹਿ)
ਗੁਲਦਸਤਾ-ਏ-ਅਦਬ	(ਉਰਦੂ ਕਾਵਿ-ਸੰਗ੍ਰਹਿ)

ਲੇਖਕ 'ਤੇ ਖੋਜ:

ਪੰਜਾਬ ਕੀ ਸਮਕਾਲੀਨ ਹਿੰਦੀ ਕਵਿਤਾ ਔਰ ਸ਼ਸ਼ੀਕਾਂਤ ਉੱਪਲ
(ਸ਼ੋਧ ਕਰਤਾ : ਪਰਮਿੰਦਰ ਕੌਰ)

ਨੀਲੀ ਲੁਕਵੀਂ ਲਾਟ

(ਗ਼ਜ਼ਲ ਸੰਗ੍ਰਹਿ)

ਸ਼ਸ਼ੀਕਾਂਤ ਉੱਪਲ

GRACIOUS

Nili Lukvin Laat

By

Dr. Shashikant Uppal ©

Dewan Street,

Malerkotla (Pb.)

Mob.: 93563-20147

ISBN : 978-93-87276-56-7

Year : 2019

Price : 195 ₹

Type Setting by

Pardeep Computers

M: 7837999728, email:- infomail2pc@gmail.com

Published by

Gracious Books

Office : LIG-13 Phase-1, Urban Estate, Patiala.

SCO : 23 Shalimar Plaza, Opp. Punjabi University, Patiala

Ph. 91-175-5017642, 5007643

graciousbooks@yahoo.co.in

www.graciousbooks.in

Printer : D. K. Fine Art Press

ਹਿਮ-ਸ਼ਿਖ਼ਰਾਂ ਦੇ ਨਾਂ

ਤਤਕਰਾ

ਬਾਰ-ਬਾਰ ਡਿਗਦਾ ਹਾਂ ਡਿਗ ਕੇ ਫਿਰ ਸੰਭਲਦਾ ਹਾਂ 9
ਅਜੇ ਕਾਗਜ਼ 'ਤੇ ਮੇਰੇ ਖ਼ੂਾਬ ਦਾ ਮੰਜ਼ਰ ਅਧੂਰਾ ਹੈ 10
ਨ੍ਹੇਰੇ ਦੀ ਚਿੱਕ ਉੱਤੇ ਚਾਨਣ ਦੀ ਲੀਕ ਪਾ ਕੇ 11
ਨੇੜਿਓਂ ਲੰਘਦਾ ਵੀ ਹੁਣ ਪਹਿਚਾਣਦਾ ਕੋਈ ਨਹੀਂ 12
ਹੁਣ ਕਿਸੇ ਮਹਿਫ਼ੂਜ਼ ਥਾਂ 'ਤੇ ਆਲ੍ਹਣੇ ਪਾਇਓ ਤੁਸੀਂ 13
ਅੱਖਾਂ ਦੇ ਵਿਚ ਹਰ ਇਕ ਅੱਥਰੂ ਨੂੰ ਮੈਂ ਛੁਪਾ ਕੇ 14
ਬਣਦੇ ਨੇ ਪਾਣੀ ਵਿਚ ਜੋ ਇਹ ਦਾਇਰੇ ਜਿਹੇ 15
ਮੈਂ ਸੋਸ਼ਿਤ ਵਰਗ ਦੇ ਦੁੱਖਾਂ ਨੂੰ ਕਾਗ਼ਜ਼ 'ਤੇ ਉਤਰਾਂਗਾ 16
ਅੱਖਾਂ ਉਦਾਸ ਚਿਹਰੇ ਵੀ ਹਨ ਓਦਰੇ ਜਿਹੇ 17
ਫਿਰ ਕਰਾਂਗਾ ਸੁਲਹ ਦੀ ਕੋਈ ਬਾਤ ਮੇਰੇ ਦੋਸਤਾਂ 18
ਰੌਸ਼ਨੀ ਦਾ ਸਿਲਸਿਲਾ, ਚਾਨਣ ਦਾ ਲਸ਼ਕਰ ਹੋ ਗਿਆ 19
ਪਾਣੀ ਅੰਦਰ ਸ਼ੋਰ ਜਿਹਾ ਹੈ 20
ਬੜਾ ਨਾਦਾਨ ਹੈ ਉਹ ਸ਼ਖ਼ਸ ਖ਼ੁਦ ਨੂੰ ਪਰਖਣਾ ਚਾਹੇ 21
ਆਰਤੀ ਕੋਈ ਉਤਾਰੀ ਕੋਈ ਸ਼ੰਖ ਨਾ ਫੂਕਿਆ 22
ਖਾਰੇ ਸਮੁੰਦਰਾਂ ਨੂੰ ਨੈਣਾਂ ਦੇ ਵਿਚ ਸਮੋ ਕੇ 23
ਖ਼ੁਸਬੂ ਦਾ ਹੈ ਜਾਂ ਫਿਰ ਕਿਸੇ ਪੁਰਵਾਈ ਦਾ ਬਦਨ 24
ਉਹ ਕਹਿੰਦੇ ਨੇ ਇਕ ਦਿਨ ਮੈਂ ਮਰ ਜਾਵਾਂਗਾ 25
ਸ਼ਾਮ ਦੇ ਢਲਦੇ ਹੋਏ ਸੂਰਜ ਦਾ ਸਾਇਆ ਬੁਝ ਗਿਆ 26
ਖਹਿ ਕੇ ਲੰਘ ਜਾਂਦਾ ਹੈ ਤੇਜ਼ ਹਵਾਵਾਂ ਨਾਲ 27
ਤੁਰੀਂ ਹੈ ਗੱਲ ਮੁੜ ਤੋਂ ਜ਼ਿੰਦਗੀ ਦੇ ਨ੍ਹੇਰਿਆਂ ਬਾਰੇ 28
ਤੁਹਾਡੇ ਸ਼ਹਿਰ ਦਾ ਹਰ ਸ਼ਖ਼ਸ ਸੂਲੀ ਟੰਗਿਆ ਦਿੱਸੇ 29
ਉਹੋ ਹੈ ਸਿਰਫ਼ ਜੋ 'ਕੱਲਾ ਖੜ੍ਹਾ ਹੈ 30
ਸੋਚ ਮਤ ਬੈਠੀ ਕਿ ਮੈਂ ਕਮਜ਼ੋਰ ਹਾਂ 31
ਇਹ ਕਾਲੀ ਕੰਧ ਉਨ੍ਹਾਂ ਕਿਸ ਲਈ ਉਸਾਰੀ ਹੈ 32
ਖੋਲ੍ਹ ਕੇ ਏ ਦਾਂ ਸਭ ਕੁਝ ਅੱਖਰ-ਅੱਖਰ ਲਿਖ 33
ਇਹ ਹਨ੍ਹੇਰੇ ਮੇਰੀ ਹਸਤੀ ਤੋਂ ਅਜੇ ਅਨਜਾਣ ਹਨ 34
ਉਹ ਜੋ ਪੱਥਰ ਦਾ ਇਕ ਬੁਤ ਸੀ ਮੋਮ ਦੇ ਵਾਂਗੂੰ ਪਿਘਲ ਗਿਆ 35
ਸੱਧਰ-ਸੱਧਰ ਬੰਜਰ ਧਰਤੀ ਗੁਲਸ਼ਨ ਦੇ ਆਸਾਰ ਨਹੀਂ 36
ਵਿਲਕਦੇ ਹੋਏ ਸੁਰਾਂ ਵਿਚ ਗਾ ਰਿਹੈ 37
ਨਵਾਂ ਇਕ ਰਿਸ਼ਤਾ ਪੈਦਾ ਹੋ ਗਿਆ ਹੈ 38
ਪੱਥਰ ਦੇ ਵਿਚ ਸੁੱਤਾ ਪਾਣੀ ਲਰਜ਼ ਪਿਆ 39

ਦਿਲ ਇਹ ਚਾਹੁੰਦਾ ਹੈ ਅਜਿਹੀ ਕੋਈ ਤਹਿਰੀਰ ਲਿਖਾਂ 40
ਮੈਨੂੰ ਇਸ ਬਾਤ ਦਾ ਗਿਲਾ ਵੀ ਨਹੀਂ 41
ਚੁੱਪ ਦੇ ਅਵਸ਼ੇਸ਼ ਹਨ ਬਾਕੀ ਅਜੇ 42
ਤ੍ਰਿਪਤ ਤੇ ਅਤ੍ਰਿਪਤ ਵਿਚਲਾ ਫ਼ਾਸਿਲਾ 43
ਆਪਣੇ ਤੋਂ ਆਪਣੀ ਪਹਿਚਾਣ ਤਕ 44
ਵੇਖ ਹੁਣ ਕੀ ਕੀ ਵਰਿੱਤਰ ਜਾਪਦੈ 45
ਦੂਰ ਦੂਰ ਤਕ ਇਕ ਖ਼ਲਾ ਹੈ ਨਜ਼ਰਾਂ ਦੇ ਦਿਸਹੱਦੇ ਤਕ 46
ਖ਼ਲਾਅ ਵਿਚ ਜੋ ਵੀ ਕੁਝ ਇਹ ਘੁੰਮਦਾ ਹੈ 47
ਜਦ ਕਦੀ ਵੀ ਸਵੈ ਤੋਂ ਮੈਂ ਹੋਇਆ ਜੁਦਾ 48
ਸੰਗ ਹਵਾਵਾਂ ਦਿਲ ਕਹਿੰਦਾ ਹੈ ਉੱਡਣ ਦੇ 49
ਇਹ ਉਹ ਸਵਾਲ ਹਨ ਜੋ ਜਵਾਬਾਂ ਨੂੰ ਭਾਲਦੇ 50
ਅੰਬਰ ਦਾ ਜ਼ਿਕਰ ਦੱਸ ਕੀ ਕਰਨਾ ਹੈ ਛੇੜ ਕੇ 51
ਕੋਈ ਤਾਂ ਇਕ ਕੰਮ ਅਜਿਹਾ ਮੈਂ ਕਰ ਸਕਾਂ 52
ਮੇਰੇ ਚਿਰਾਗ਼ ਨੇ ਬਲਣਾ ਹੈ ਜਾਂ ਕਿ ਬੁਝਣਾ ਹੈ 53
ਰੋਕ ਕਿਤਾਬਾਂ ਖੁੱਲ੍ਹੀਆਂ ਉੱਤੇ 54
ਜੁੱਸਾ ਮਲੂਕ, ਸ਼ਹਿਰ ਹੈ ਪੱਥਰ ਦਾ ਸਾਮ੍ਹਣੇ 55
ਟੁੱਟਿਆ ਹੈ ਮੇਰੀਆਂ ਸੱਧਰਾਂ 'ਤੇ ਏਨਾ ਕਹਿਰ ਕਿਉਂ 56
ਹੋਰ ਕੋਈ ਮੇਰੇ ਵਰਗਾ ਮੈਨੂੰ ਦਿੱਸਦਾ ਹੀ ਨਹੀਂ 57
ਏਦਾਂ ਵੀ ਕਹਿਰ ਢਾ ਕੇ ਹੈ ਅਕਸਰ ਹਵਾ ਗਈ 58
ਇਹ ਵੀ ਸ਼ਾਇਦ ਮੈਨੂੰ ਹੈ ਪਹਿਚਾਣਦਾ 59
ਹੋਂਦ ਅਪਣੀ ਨੂੰ ਗੁਆ ਕੇ ਬਹਿ ਗਿਆ 60
ਅਜਬ ਦੌਰ ਹੈ ਇਹ ਗ਼ਲਤ ਵੀ ਸਹੀ ਹੈ 61
ਵਕਤ ਸਾਨੂੰ ਮੁੱਢ ਤੋਂ ਛਲਦਾ ਰਿਹਾ 62
ਦੁੱਖ ਸਨ ਜਿੰਨੇ ਉਹ ਸਾਰੇ ਜਰ ਲਏ 63
ਫ਼ਲਕ 'ਤੇ ਚੰਨ ਵੀ ਜਦ ਊਂਘਦਾ ਸੀ 64
ਧੁੱਪਾਂ ਦਿੱਤੇ ਜ਼ਖ਼ਮ ਨਾ ਭਰਦੇ 65
ਰਫ਼ਤਾਰ ਜ਼ਿੰਦਗੀ ਦੀ ਠਹਿਰਦੀ ਚਲੀ ਗਈ 66
ਉਹ ਕਹਿ ਰਹੇ ਨੇ ਕਰ ਲਵਾਂ ਸੌਦਾ ਜ਼ਮੀਰ ਦਾ 67
ਮੈਂ ਸੀ ਨੀਰਸ ਵਾਕ ਮੇਰੇ ਦੋਸਤਾਂ ਸੁਰ ਤਾਲ ਤੂੰ 68
ਧੁਆਂਖੇ ਸੁਪਨਿਆਂ ਦੀ ਗੰਧਲੀ ਤਾਬੀਰ ਦੇ ਵਾਂਗੂੰ 69
ਇਸ ਅਹਿਦਾ ਵਿਚ ਵੀ ਜੀ ਰਿਹਾਂ ਹੈਰਤ ਦੀ ਗੱਲ ਹੈ 70
ਮੇਰੇ ਸਾਹਵੇਂ ਪਾਣੀਆਂ ਵਿਚ ਵਹਿ ਗਿਆ 71
ਮੁਜਰਿਮ ਹਾਂ, ਆਪ ਅਪਣੀ ਹੀ ਕੋਈ ਸਜ਼ਾ ਹਾਂ ਮੈਂ 72
ਕਿਤੇ ਸੁਰ-ਸਾਜ਼ ਦੀ ਮਹਿਫ਼ਿਲ ਕਿਤੇ ਮਾਤਮ ਤਬਾਹੀ ਦਾ 73
ਅੱਜ ਦੇ ਅਖ਼ਬਾਰ ਅੰਦਰ ਲੇਖ ਉਸਦਾ ਛਪਿਆ ਹੈ 74

ਉਹਨੇ ਪਿੱਛੋਂ ਵਾਜ ਨਾ ਮਾਰੀ ਨਾਹੀਂ ਮੈਂ ਕਿਧਰੇ ਰੁਕਿਆ 75
ਗੁੰਮਸੁਮ ਹੈ ਮੇਰੇ ਵਾਂਗ ਹੀ ਧੁੱਪ ਇਹ ਸਿਆਲ ਦੀ 76
ਦੀਵੇ ਕੁਝ ਏਦਾਂ ਬੁਝਾ ਦਿੱਤੇ ਗਏ 77
ਘੋਰ ਹਨ੍ਹੇਰੇ ਦਾ ਮੈਂ ਸਾਗਰ ਤਰਦਾ ਹਾਂ 78
ਇਹ ਮੈਂ ਸੀ ਤੇ ਮੇਰਾ ਹੀ ਹੌਸਾਲ ਸੀ 79
ਖ਼ੂਨ ਵਿਚ ਵਸਦਾ ਰਹੇਗਾ ਦੇਰ ਤਕ 80
ਇਹ ਮੇਰਾ ਸੰਕਲਪ ਸੀ ਨਹੀਂ ਤਿੜਕਿਆ 81
ਹਰ ਬਾਰ ਜਦ ਵੀ ਆਇਆ ਉਹ ਸੋਗਵਾਰ ਆਇਆ 82
ਹੱਥ ਬਿਆਈਆਂ ਪੈਰੀਂ ਛਾਲੇ 83
ਏਦਾਂ ਝੁੱਲੇ ਝੱਖੜ ਸਿਰ 'ਤੇ ਦੁੱਖਾਂ ਦੇ 84
ਦੇਰ ਤੋਂ ਕੱਲਾ ਭਟਕਦਾ ਫਿਰ ਰਿਹਾਂ 85
ਬੇਵਜ੍ਹਾ ਦਿਲ ਨੂੰ ਇਵੇਂ ਭਰਿਆ ਨਾ ਕਰ 86
ਮਰਹਲਾ ਸਖ਼ਤ ਸਹੀ ਫਿਰ ਵੀ ਗੁਜ਼ਰ ਜਾਵਾਂਗਾ 87
ਜ਼ਿੰਦਗੀ ਤੇ ਮੌਤ ਤੋਂ ਕੀ ਹੈ ਪਰ੍ਹਾਂ 88
ਨਾਲ ਫੁੱਲਾਂ ਦੇ ਮੇਰੇ ਘਰ ਨੂੰ ਸਜਾਉਂਦੇ ਕਿਉਂ ਹੋ 89
ਸਹਿਮਿਆ ਹੋਇਆ ਮੈਂ ਘਰ ਨੂੰ ਪਰਤਿਆ 90
ਨਹੀਂ ਹਾਂ ਹਾਲੇ ਵੀ ਮੁਨਕਰ ਮੈਂ ਤੇਰੀ ਚਾਹਤ ਤੋਂ 91
ਸ਼ੀਸ਼ਾ ਕਿਧਰੇ ਟੁੱਟਿਆ ਕੋਈ ਨਹੀਂ 92
ਹੁਣ ਕਿੱਧਰ ਜਾਵਾਂਗਾ ਮੈਥੋਂ ਪੁੱਛੋ ਨਾ 93
ਆਪਣੀ ਸ਼ੋਹਰਤ ਤੋਂ ਲੈ ਕੇ ਵਕਤ ਦੀ ਇਸ ਮਾਰ ਤਕ 94
ਤਰਲਾ ਮੈਥੋਂ ਨਹੀਂ ਕਰ ਹੋਇਆ 95
ਛੱਲਾਂ ਉੱਪਰ ਤਰਦੀ ਕੋਈ 97
ਉਹ ਜੇ ਵੱਖਰੇ ਖ਼ਿਆਲ ਦਾ ਹੈ ਤਾਂ ਕੀ 98
ਉਨ੍ਹਾਂ ਤੋਂ ਆਸ ਹੈ ਸਾਨੂੰ ਕਿ ਹੱਲ ਲੱਭਣਗੇ ਗ਼ੁਰਬਤ ਦਾ 99
ਪਹਿਲਾਂ ਵਰਗਾ ਮੈਂ ਨਾ ਪਹਿਲਾਂ ਵਰਗੇ ਉਹ ਹਾਲਾਤ ਹੁਣ 100
ਜੋ ਮੈਂ ਮਹਿਸੂਸਦਾ ਹਾਂ ਰੋਜ਼ ਅੰਦਰ ਜ਼ਲਜ਼ਲੇ ਵਰਗਾ 101
ਟੋਟੇ-ਟੋਟੇ ਧਰਤੀ ਹੋਈ ਕਿਸ ਨੂੰ ਦਰਦ ਸੁਣਾਵਾਂ 102
ਕੀ ਅਜਿਹਾ ਹੈ ਜੋ ਲੁਕਾਉਂਦਾ ਹਾਂ 103
ਕਰਜ਼ ਚਾਹਤ ਦਾ ਅਦਾ ਕਰਦਾ ਰਿਹਾ 104
ਬਸ ਇਹੋ ਹਰ ਦੌਰ ਵਿਚ ਹੁੰਦਾ ਰਿਹਾ 105
ਆਪਣੇ ਤੋਂ ਦੂਰ ਕਿੱਧਰ ਤੁਰ ਗਿਆ 106
ਜਾਪਦਾ ਹੈ ਏਦਾਂ ਜਿੱਦਾਂ ਵਕਤ ਹੈ ਅਖ਼ੀਰ ਦਾ 107
ਚਾਹੁੰਦਾ ਹਾਂ ਮੈਂ ਕਿ ਏਦਾਂ ਮੇਰੀ ਸ਼ਿਕਸਤ ਹੋਵੇ 108

❑

ਬਾਰ-ਬਾਰ ਡਿਗਦਾ ਹਾਂ ਡਿਗ ਕੇ ਫਿਰ ਸੰਭਲਦਾ ਹਾਂ।
ਪੱਥਰਾਂ ਦੇ ਸਿਰ 'ਤੇ ਮੈਂ ਪੈਰ ਰੱਖ ਕੇ ਚਲਦਾ ਹਾਂ।

ਜੁਸਤਜੂ ਦਾ ਇਹ ਸਫ਼ਰ ਖ਼ਤਮ ਹੀ ਨਹੀਂ ਹੁੰਦਾ,
ਰੋਜ਼ ਅਪਣੀ ਭਟਕਣ ਦੇ ਦਾਇਰੇ ਬਦਲਦਾ ਹਾਂ।

ਕਰ ਲਿਆ ਹੈ ਫ਼ੈਸਲਾ ਖ਼ੁਦ ਨੂੰ ਆਜ਼ਮਾਉਣ ਦਾ,
ਕਤਲਗਾਹ ਤੇਰੇ ਲਈ ਹੁਣ ਘਰੋਂ ਨਿਕਲਦਾ ਹਾਂ।

ਕੀ ਅਜਿਹਾ ਖ਼ੂਨ ਵਿਚ ਧੁਖ ਰਿਹਾ ਹੈ ਦੇਰ ਤੋਂ,
ਜਿਸ ਦੇ ਸੇਕ ਕਰਕੇ ਮੈਂ ਰਾਤ ਦਿਨ ਪਿਘਲਦਾ ਹਾਂ।

ਪੈਰ-ਚਿੰਨ੍ਹ ਕਿਧਰੇ ਵੀ ਦਰਜ ਹੀ ਨਹੀਂ ਮੇਰੇ,
ਰਾਤ ਭਰ ਮੈਂ ਖ਼ੁਆਬਾਂ ਦੀ ਹਿੱਕ 'ਤੇ ਮਚਲਦਾ ਹਾਂ।

•

❑

ਅਜੇ ਕਾਗਜ਼ ’ਤੇ ਮੇਰੇ ਖ਼ੁਆਬ ਦਾ ਮੰਜ਼ਰ ਅਧੂਰਾ ਹੈ।
ਅਜੇ ਤਾਂ ਮੈਂ ਉਦੈ ਹੁੰਦਾ ਨਵਾਂ ਸੂਰਜ ਬਨਾਉਣਾ ਹੈ।

ਅਜੇ ਮੈਂ ਤੀਰ ਨੂੰ ਤਰਕਸ਼ ’ਚੋਂ ਬਾਹਰ ਕੱਢਿਆ ਹੀ ਸੀ,
ਮੇਰਾ ਦੁਸ਼ਮਨ ਉਦੋਂ ਤੋਂ ਹੀ ਮੇਰੇ ਤੋਂ ਖ਼ੌਫ਼ ਖਾਂਦਾ ਹੈ।

ਕੁਰਾਹੇ ਪੈ ਗਿਆ ਹਾਂ ਦੇਰ ਤੋਂ ਤੁਰਿਆ ਹੀ ਜਾਂਦਾ ਹਾਂ,
ਕੋਈ ਮੰਜ਼ਿਲ ਨਹੀਂ ਕਿਧਰੇ ਜੋ ਹੈ ਰਸਤਾ ਹੀ ਰਸਤਾ ਹੈ।

ਕਿ ਜਿਸਦਾ ਸੇਕ ਮੇਰੇ ਤਨ-ਬਦਨ ਨੂੰ ਸਾੜਦਾ ਰਹਿੰਦੈ,
ਅਜਿਹਾ ਕੀ ਹੈ ਮੇਰੇ ਖ਼ੂਨ ਅੰਦਰ ਜੋ ਕਿ ਧੁਖਦਾ ਹੈ।

ਹਕੀਕਤ ਦੁਸ਼ਮਨੀ ਜਾਂ ਦੋਸਤੀ ਦੀ ਹੈ ‘ਸ਼ਸ਼ੀ’ ਏਹੋ,
ਕਿ ਸਾਰੀ ਉਮਰ ਬੰਦਾ ਆਪਣੇ ਹੀ ਨਾਲ ਲੜਦਾ ਹੈ।

•

❑

ਨ੍ਹੇਰੇ ਦੀ ਹਿੱਕ ਉੱਤੇ ਚਾਨਣ ਦੀ ਲੀਕ ਪਾ ਕੇ।
ਕਿੱਧਰ ਨੂੰ ਤੁਰ ਗਿਆ ਉਹ ਰਸਤਾ ਨਵਾਂ ਵਿਖਾ ਕੇ।

ਮੰਜ਼ੂਰ ਇਹ ਨਹੀਂ ਹੈ ਚਾਹੁੰਦੇ ਨੇ ਜੋ ਉਹ ਮੈਥੋਂ,
ਕੀ ਜਿਸਮ ਦਾ ਬਚਾਉਣਾ ਇਕ ਸੋਚ ਨੂੰ ਗੁਆ ਕੇ।

ਆਪਸ ਦੀ ਸਾਂਝ ਮੁੱਕੀ, ਰਿਸ਼ਤੇ ਦੀ ਤੰਦ ਟੁੱਟੀ,
ਕੀ ਮਿਲਿਆ ਬੈਠ ਸੋਚੋ ਇਕ ਕੰਧ ਨੂੰ ਉਠਾ ਕੇ।

ਜੰਗਲ ਨੂੰ ਅੱਗ ਲਾ ਕੇ ਜੋ ਤੁਰ ਗਿਆ ਹੈ ਕਿਧਰੇ,
ਉਸ ਨੂੰ ਜ਼ਰਾ ਇਹ ਆਖੋ ਹੁਣ ਵੇਖੇ ਨੇੜੇ ਆ ਕੇ।

ਜੋ ਮੰਚ 'ਤੇ ਨੇ ਦਿੱਸਦੇ ਪਾਤਰ ਨੇ ਸਾਰੇ ਝੂਠੇ,
ਤੁਰ ਜਾਣਗੇ ਇਹ ਕਿਧਰੇ ਸਾਨੂੰ ਭੁਲੇਖੇ ਪਾ ਕੇ।

•

❑

ਨੇੜਿਓਂ ਲੰਘਦਾ ਵੀ ਹੁਣ ਪਹਿਚਾਣਦਾ ਕੋਈ ਨਹੀਂ।
ਮੈਨੂੰ ਮੇਰੇ ਸ਼ਹਿਰ ਵਿਚ ਹੁਣ ਜਾਣਦਾ ਕੋਈ ਨਹੀਂ।

ਪਿਆਰ ਜਿਸ ਨੂੰ ਆਖਦੇ ਨੇ ਲੋਕ ਉਹ ਇਕ ਮਹਿਕ ਹੈ,
ਪਿਆਰ ਦੀ ਇਸ ਮਹਿਕ ਨੂੰ ਹੁਣ ਮਾਣਦਾ ਕੋਈ ਨਹੀਂ।

ਦੁੱਖ ਹੈ ਉਸ ਬੂੰਦ ਦਾ ਜੋ ਮਰ ਗਈ ਬੇਮੌਤ ਹੀ,
ਦੁੱਖ ਮੈਨੂੰ ਲਹਿਰ ਦੇ ਮਰ ਜਾਣ ਦਾ ਕੋਈ ਨਹੀਂ।

ਰੌਸ਼ਨੀ ਨੂੰ ਭਾਲਦੇ ਜੋ ਨ੍ਹੇਰਿਆਂ ਵਿਚ ਖੋ ਗਏ,
ਉਨ੍ਹਾਂ ਵਿੱਚੋਂ ਇਕ ਨੂੰ ਵੀ ਜਾਣਦਾ ਕੋਈ ਨਹੀਂ।

ਕੀ ਕਰਾਂਗਾ ਓਸ ਮਹਿਫ਼ਿਲ ਵਿਚ ਜਾ ਕੇ ਮੈਂ 'ਸ਼ਸ਼ੀ',
ਓਸ ਮਹਿਫ਼ਿਲ ਵਿਚ ਮੇਰੇ ਹਾਣ ਦਾ ਕੋਈ ਨਹੀਂ।

•

❑

ਹੁਣ ਕਿਸੇ ਮਹਿਫ਼ੂਜ਼ ਥਾਂ 'ਤੇ ਆਲ੍ਹਣੇ ਪਾਇਓ ਤੁਸੀਂ।
ਫਿਰ ਨਾ ਐਵੇਂ ਪੰਛੀਓ ਮੁੜ ਤੋਂ ਉਜੜ ਜਾਇਓ ਤੁਸੀਂ।

ਤਿੜਕ ਬੈਠੀ ਪਹਿਲੀ ਠੋਕਰ ਲਗਦਿਆਂ ਸੰਵੇਦਨਾ,
ਦੂਜੀ ਠੋਕਰ ਭੁੱਲ-ਭੁਲੇਖੇ ਵੀ ਨਾ ਹੁਣ ਖਾਇਓ ਤੁਸੀਂ।

ਜਾ ਰਹੇ ਹੋ ਪੱਥਰਾਂ ਦੇ ਸ਼ਹਿਰ ਅੰਦਰ ਰਹਿਣ ਨੂੰ,
ਸੰਭਲ ਕੇ ਰਹਿਣਾ ਜ਼ਰਾ ਐਵੇਂ ਨਾ ਟੁੱਟ ਜਾਇਓ ਤੁਸੀਂ।

ਹਰ ਸਫ਼ਰ ਵਿਚ ਮੁਸ਼ਕਿਲਾਂ ਤਾਂ ਆਉਂਦੀਆਂ ਹੀ ਰਹਿੰਦੀਆਂ,
ਮੁਸ਼ਕਿਲਾਂ ਨੂੰ ਵੇਖ ਕੇ ਕਿਧਰੇ ਨਾ ਘਬਰਾਇਓ ਤੁਸੀਂ।

ਹਰ ਤਰਫ਼ ਹੈ ਝੂਠ ਦਾ ਪਾਸਾਰ ਉਸ ਬਾਜ਼ਾਰ ਵਿਚ,
ਨਕਲੀ ਚੀਜ਼ਾਂ ਵੇਖ ਕੇ ਐਵੇਂ ਨਾ ਭਰਮਾਇਓ ਤੁਸੀਂ।

•

❑

ਅੱਖਾਂ ਦੇ ਵਿਚ ਹਰ ਇਕ ਅੱਥਰੂ ਨੂੰ ਮੈਂ ਛੁਪਾ ਕੇ।
ਵੇਖਾਂਗਾ ਇਕ ਵਾਰੀ ਏਦਾਂ ਵੀ ਮੁਸਕੁਰਾ ਕੇ।

ਬੇਮੇਚ ਵਸਤਰਾਂ ਨੇ ਕੱਜਿਆ ਹੈ ਸੱਚ ਕਦ ਤਕ,
ਹੁੰਦਾ ਹੈ ਹੋਰ ਰੌਸ਼ਨ ਉਹ ਬੇਲਿਬਾਸ ਆ ਕੇ।

ਦੁੱਖਾਂ ਦੇ ਤਿੱਖੇ ਸੂਰਜ ਧੁੱਪਾਂ ਦਾ ਕਹਿਰ ਢਾਵਣ,
ਨੀਲੇ ਸਮੁੰਦਰਾਂ 'ਚੋਂ ਆ ਜਾ ਤੂੰ ਹੁੰਮ-ਹੁੰਮਾ ਕੇ।

ਜੋ ਉਡ ਗਏ ਨੇ ਪੰਛੀ ਸ਼ਾਇਦ ਉਹ ਪਰਤ ਆਵਣ,
ਰੱਖਣਾ ਹੈ ਉਨ੍ਹਾਂ ਖ਼ਾਤਿਰ ਇਕ ਆਲ੍ਹਣਾ ਬਚਾ ਕੇ।

ਇਉਂ ਨੇੜਤਾ ਦਾ ਤੇਰੀ ਬਣਿਆ ਰਹੇ ਭੁਲੇਖਾ,
ਰੱਖਿਆ ਹੈ ਅੱਥਰੂ ਨੂੰ ਪਲਕਾਂ 'ਤੇ ਮੈਂ ਸਜਾ ਕੇ।

•

❑

ਬਣਦੇ ਨੇ ਪਾਣੀ ਵਿਚ ਜੋ ਇਹ ਦਾਇਰੇ ਜਿਹੇ।
ਆਖ਼ਿਰ ਉਹ ਕੌਣ ਹੈ ਜੋ ਹੈ ਡੁੱਬਿਆ ਹੁਣੇ ਹੁਣੇ।

ਇਹ ਲਾਸ਼ ਹੈ ਮਨੁੱਖ ਦੀ ਬਸ ਏਨਾਂ ਸੱਚ ਹੈ,
ਬਾਕੀ ਹੈ ਝੂਠ ਜੋ ਵੀ ਨੇ ਅਖ਼ਬਾਰ ਦੱਸਦੇ।

ਕਾਨੂੰਨ ਦੀ ਜਕੜ 'ਚੋਂ ਰਿਹਾਈ ਨੂੰ ਲੋਚਦਾ,
ਨਿਰਦੋਸ਼ ਆਦਮੀ ਹੈ ਦਲੀਲਾਂ ਦੇ ਸਾਮ੍ਹਣੇ।

ਮਲਬੇ ਦੇ ਹੇਠ ਦਬਿਆ ਕੋਈ ਸੱਚ ਨਾ ਝੂਠ ਹੈ,
ਬੇਕਾਰ ਐਵੇਂ ਲੋਕੀਂ ਨੇ ਇੱਟਾਂ ਫਰੋਲਦੇ।

ਅੰਬਰ 'ਤੇ ਤੇਰੇ ਚੰਨ ਵੀ ਤਾਰੇ ਵੀ ਹਨ ਅਨੇਕ,
ਪਰਛਾਵੇਂ ਦਿੱਸਦੇ ਨੇ ਮੇਰੇ ਅਸਮਾਨ 'ਤੇ।

ਕਠ-ਪੁਤਲੀਆਂ ਦਾ ਨਾਚ ਬਹੁਤ ਹੀ ਲਿਆ 'ਸ਼ਸ਼ੀ',
ਹੁਣ ਮੰਚ 'ਤੇ ਉਤਾਰ ਜਵਾਂਸਾਲ ਵਲਵਲੇ।

•

❑

ਮੈਂ ਸੋਸ਼ਿਤ ਵਰਗ ਦੇ ਦੁੱਖਾਂ ਨੂੰ ਕਾਗ਼ਜ਼ 'ਤੇ ਉਤਾਰਾਂਗਾ।
ਨਿਪੱਤਰ ਰੁੱਖ ਜਿੰਨੇ ਹਨ ਉਨ੍ਹਾਂ ਨੂੰ ਮੁੜ ਸੰਵਾਰਾਂਗਾ।

ਲੜਾਂਗਾ ਇਹ ਮਹਾਂਭਾਰਤ ਮੈਂ ਲਾ ਕੇ ਪੂਰਾ ਜ਼ੋਰ ਅਪਣਾ,
ਨਹੀਂ ਹੈ ਫ਼ਿਕਰ ਇਹ ਮੈਨੂੰ ਕਿ ਜਿੱਤਾਂਗਾ ਜਾਂ ਹਾਰਾਂਗਾ।

ਚਮਕਦਾ ਹੈ ਜੋ ਅੰਬਰ 'ਤੇ ਪ੍ਰਾਹੁਣਾ ਹੈ ਘੜੀ ਭਰ ਦਾ,
ਕਿਸੇ ਬੱਚੇ ਦੇ ਵਾਂਗੂੰ ਹੁਣ ਨਹੀਂ ਬਾਹਵਾਂ ਉਲਾਰਾਂਗਾ।

ਮੇਰੇ ਵਿਰਸੇ 'ਚ ਚਾਰੇ ਵੇਦ ਤੇ ਉਪਨਿਸ਼ਦ ਸ਼ਾਮਿਲ ਹਨ,
ਮੈਂ ਅਪਣੇ ਏਸ ਵਿਰਸੇ ਨੂੰ ਸੰਵਾਰਾਂਗਾ, ਸ਼ਿੰਗਾਰਾਂਗਾ।

ਪਲੋਸਾਂਗਾ ਅਹਿੰਸਾ ਦੇ ਕਿਸੇ ਚਿੱਟੇ ਕਬੂਤਰ ਨੂੰ,
ਬਦਨ ਤੋਂ ਆਪਣੇ ਮੈਂ ਕੁੰਜ ਹਿੰਸਾ ਦੀ ਉਤਾਰਾਂਗਾ।

ਨਹੀਂ ਚੱਲੇਗਾ ਜਾਦੂ ਹੁਣ ਪ੍ਰਲੋਭਨ ਦਾ ਮੇਰੇ ਉੱਤੇ,
ਸਹੀ ਹੈ ਕੀ, ਗਲਤੀ ਹੈ ਕੀ, ਮੈਂ ਸੋਚਾਂਗਾ, ਵਿਚਾਰਾਂਗਾ।

•

❑

ਅੱਖਾਂ ਉਦਾਸ ਚਿਹਰੇ ਵੀ ਹਨ ਓਦਰੇ ਜਿਹੇ।
ਬੱਚੇ ਘਰਾਂ ਨੂੰ ਛੱਡ ਕੇ ਪਰਦੇਸ ਤੁਰ ਗਏ।

ਸੂਰਜ ਦੇ ਕਾਲੇ ਸ਼ਹਿਰ ਦਾ ਸਰਨਾਵਾਂ ਮਿਲ ਗਿਆ,
ਭਾਲਾਂਗਾ ਜਾ ਕੇ ਓਸ ਨੂੰ ਹੁਣ ਆਸਮਾਨ 'ਤੇ।

ਰਥ 'ਤੇ ਸਵਾਰ ਹੋ ਕੇ ਇਹ ਹੁਣ ਕੌਣ ਆ ਗਿਆ,
ਢੋਇਆ ਹੈ ਘਰ ਦਾ ਬੂਹਾ ਅਜੇ ਮੈਂ ਹੁਣੇ-ਹੁਣੇ।

ਆਉਂਦਾ ਹੈ ਥੱਕ-ਹਾਰ ਕੇ ਤੁਰਿਆ ਉਹ ਮੇਰੇ ਵੱਲ,
ਤਾਹਿਓਂ ਤਾਂ ਅੱਖਾਂ ਵਿਚ ਮੇਰੇ ਦਰਿਆ ਨੇ ਸ਼ੁਕਦੇ।

ਨੱਸਦਾ ਹਾਂ ਇੰਜ ਖ਼ੁਾਹਿਸ਼ਾਂ ਦੇ ਪਿੱਛੇ ਮੈਂ 'ਸ਼ਸ਼ੀ',
ਪਰਛਾਵਿਆਂ ਦੇ ਪਿੱਛੇ ਜਿਵੇਂ ਬਾਲ ਨੱਸਦੇ।

•

❑

ਫਿਰ ਕਰਾਂਗਾ ਸੁਲਹ ਦੀ ਕੋਈ ਬਾਤ ਮੇਰੇ ਦੋਸਤਾ।
ਮੈਂ ਅਜੇ ਤਾਂ ਜੰਗ ਦੇ ਮੈਦਾਨ ਵਿਚ ਹਾਂ ਲੜ ਰਿਹਾ।

ਹੈ ਅਜੇ ਤਹਿਰੀਰ ਬਾਕੀ ਤੇ ਬੜਾ ਕੁਝ ਕਹਿਣ ਨੂੰ,
ਵੇਖਦੇ ਹੋ ਜੋ ਤੁਸੀਂ ਉਹ ਤਾਂ ਹੈ ਕੇਵਲ ਹਾਸ਼ੀਆ।

ਉਮਰ ਭਰ ਦਿਲ ਨੂੰ ਮੇਰੇ ਬੇਚੈਨ ਕਰਦੀ ਹੀ ਰਹੀ,
ਬੱਦਲਾਂ ਵਿਚ ਤੁਰਦੇ ਸੂਰਜ ਨੂੰ ਫੜਣ ਦੀ ਲਾਲਸਾ।

ਇਕ ਸਹਿਮੀ ਚੀਕ ਬੁੱਲ੍ਹਾਂ ਉੱਤੇ ਆ ਕੇ ਰੁਕ ਗਈ,
ਕੀ ਅਜਿਹਾ ਸੀ ਜੋ ਮੇਰੇ ਅਪਣੇ ਅੰਦਰ ਟੁੱਟਿਆ।

ਇਹ ਖ਼ਤਾ ਵੀ ਹੈ ਬੜੀ ਸੰਗੀਨ, ਮੈਨੂੰ ਇਲਮ ਹੈ,
ਇਹ ਖ਼ਤਾ ਕੀ ਘੱਟ ਹੈ ਕਿ ਹੈ ਨਹੀਂ ਕੋਈ ਖ਼ਤਾ।

ਹੁਣ ਨਹੀਂ ਬਾਕੀ ਰਹੀ ਹਿੱਮਤ ਉਡਾਰੀ ਦੀ 'ਸ਼ਸ਼ੀ',
ਪਿੰਜਰਾ ਸੱਯਾਦ ਤਾਂ ਆਕੇ ਹੈ ਮੇਰਾ ਖੋਲ੍ਹਦਾ।

•

❑

ਰੌਸ਼ਨੀ ਦਾ ਸਿਲਸਿਲਾ, ਚਾਨਣ ਦਾ ਲਸ਼ਕਰ ਹੋ ਗਿਆ।
ਬੂੰਦ ਤੋਂ ਜਦ ਫੈਲ ਕੇ ਉਹ ਇਕ ਸਮੁੰਦਰ ਹੋ ਗਿਆ।

ਆਪਣੇ ਤੋਂ ਆਪ ਤਕ ਦਾ ਹੈ ਸਫ਼ਰ ਔਖਾ ਬਹੁਤ,
ਇਹ ਥਕੇਵਾਂ ਜਾਪਦੈ ਮੇਰਾ ਮੁਕੱਦਰ ਹੋ ਗਿਆ।

ਉੱਠ ਕੇ ਧਰਤੀ ਤੋਂ ਅੰਬਰ ਛੋਹ ਲਿਆ ਜਦ ਓਸ ਨੇ,
ਓਸ ਵੇਲੇ ਅਪਣੇ ਉਹ ਕੱਦ ਦੇ ਬਰਾਬਰ ਹੋ ਗਿਆ।

ਉਸ ਘੜੀ ਬਸ ਦੂਰ ਤਕ ਸੀ ਫੈਲਿਆ ਹੋਇਆ ਖ਼ਲਾਅ,
ਜਿਸ ਘੜੀ ਮੈਂ ਜਿਸਮ ਤੋਂ ਅਪਣੇ ਹੀ ਬਾਹਰ ਹੋ ਗਿਆ।

ਉਹ ਮੇਰੇ ਨਜ਼ਦੀਕ ਕੀ ਆਇਆ ਕਿ ਏਦਾਂ ਜਾਪਿਆ,
ਜਿੱਦਾਂ ਮੇਰੇ ਵਹਿਮ ਤੋਂ ਵੀ ਵਧ ਕੇ ਬਰਤਰ ਹੋ ਗਿਆ।

ਕੋਈ ਕਾਰਨ ਹੈ ਨਾ ਹੈ ਕੋਈ ਸਬੂਤ ਇਸ ਗੱਲ ਦਾ,
ਅੱਜ ਦਾ ਇਹ ਆਦਮੀ ਪਹਿਲਾਂ ਤੋਂ ਬਿਹਤਰ ਹੋ ਗਿਆ।

ਫ਼ਾਸਿਲਾ ਚਾਹਤ ਤੇ ਅਸਲੀਅਤ ਦੇ ਵਿਚ ਵਧਦਾ ਰਿਹਾ,
ਜੋ ਮੈਂ ਚਾਹੁੰਦਾ ਸੀ ਨਾ ਹੋਵੇ ਓਹੋ ਅਕਸਰ ਹੋ ਗਿਆ।

ਇਕ ਪਰਿੰਦੇ ਵਾਂਗ ਮੈਨੂੰ ਕੈਦ ਕਰ ਦਿੱਤਾ ਗਿਆ,
ਆਖ਼ਿਰ ਇਕ ਸੋਨੇ ਦਾ ਪਿੰਜਰਾ ਹੀ ਮੇਰਾ ਘਰ ਹੋ ਗਿਆ।

•

❑

ਪਾਣੀ ਅੰਦਰ ਸ਼ੋਰ ਜਿਹਾ ਹੈ।
ਕੌਣ ਸੀ ਉਹ ਜੋ ਡੁੱਬ ਗਿਆ ਹੈ।

ਬੰਦ ਬਾਰੀਆਂ ਖੋਲ੍ਹੋ ਜੇਕਰ,
ਕਮਰੇ ਅੰਦਰ ਸਾਹ ਘੁਟਦਾ ਹੈ।

ਨ੍ਹੇਰੀ ਹੈ ਜੇ ਸੱਚਮੁਚ ਨ੍ਹੇਰੀ,
ਤਾਂ ਫਿਰ ਦੀਵਾ ਵੀ ਦੀਵਾ ਹੈ।

ਅੰਨ੍ਹੇ ਨ੍ਹੇਰੇ ਦੇ ਵਿਚ ਬੈਠਾ,
ਕੌਣ ਹੈ ਉਹ ਤੇ ਕੀ ਪੜ੍ਹਦਾ ਹੈ।

ਕੁਝ ਨਾ ਆਖਾਂ ਅੰਦਰ ਮੱਚੇ,
ਜੇ ਕੁਝ ਆਖਾਂ ਬੇਅਰਥਾ ਹੈ।

ਰਚਮਿਚ ਕੇ ਸਾਹਾਂ ਵਿਚ ਮੇਰੇ,
ਧੁਰ ਅੰਦਰ ਤਕ ਕੌਣ ਗਿਆ ਹੈ।
•

❑

ਬੜਾ ਨਾਦਾਨ ਹੈ ਉਹ ਸ਼ਖ਼ਸ ਖ਼ੁਦ ਨੂੰ ਪਰਖਣਾ ਚਾਹੇ।
ਕਿ ਡੂੰਘੇ ਪਾਣੀਆਂ ਵਿਚ ਖ਼ੁਦ-ਬ-ਖ਼ੁਦ ਹੀ ਡੁੱਬਣਾ ਚਾਹੇ।

ਸਿਵਾ ਭਟਕਣ ਤੋਂ ਉਸ ਨੂੰ ਹੋਰ ਕੀ ਹੈ ਲੱਭਣਾ ਆਖ਼ਿਰ,
ਨਜ਼ਰ ਦੀ ਹੱਦ ਤੋਂ ਵੀ ਅੱਗੇ ਤਕ ਉਹ ਵੇਖਣਾ ਚਾਹੇ।

ਮੈਂ ਟੁਕੜੇ ਜੋੜ ਕੇ ਹਰ ਰਾਤ ਇਕ ਸੂਰਜ ਬਣਾਉਂਦਾ ਹਾਂ,
ਮੇਰਾ ਸੂਰਜ ਮਗਰ ਹਰ ਸ਼ਾਮ ਨੂੰ ਹੀ ਟੁੱਟਣਾ ਚਾਹੇ।

ਜੁਦਾਈ ਦੀ ਤੜਪ ਕੀ ਹੈ ਜੁਦਾਈ ਦੀ ਵਿਥਾ ਕੀ ਹੈ,
ਮੇਰਾ ਨਾਦਾਨ ਦਿਲ ਕਿਉਂਕਰ ਇਹ ਸਭ ਮਹਿਸੂਸਣਾ ਚਾਹੇ।

ਖ਼ਿਆਲਾਂ ਵਿਚ ਉਸਦੇ ਰਾਤ ਦਾ ਮੰਜ਼ਰ ਡਰਾਉਣਾ ਹੈ,
ਇਕੱਲਾ ਰਾਤ ਭਰ ਜੰਗਲ ਦੇ ਵਿਚ ਉਹ ਭਟਕਣਾ ਚਾਹੇ।

ਜੇ ਢੁੱਕਵੇਂ ਸ਼ਬਦ ਮਿਲ ਜਾਵਣ ਜ਼ਬਾਂ ਦੇ ਸਾਥ ਦੇ ਦੇਵੇ,
ਜੋ ਡੱਕਿਆ ਹੈ ਚਿਰਾਂ ਤੋਂ ਉਸਦੇ ਅੰਦਰ ਆਖਣਾ ਚਾਹੇ।

ਨਹੀਂ ਮੈਂ ਪਹੁੰਚਿਆ ਉਸ ਥਾਂ ਕਿ ਹੋਰਾਂ ਨੂੰ ਵੀ ਸਮਝਾਵਾਂ,
ਜੋ ਦਿੱਸਦਾ ਹੈ ਅਸਲ ਹੈ ਜਾਂ ਨਹੀਂ ਦਿਲ ਸਮਝਣਾ ਚਾਹੇ।

•

❑

ਆਰਤੀ ਕੋਈ ਉਤਾਰੀ ਕੋਈ ਸ਼ੰਖ ਨਾ ਫੂਕਿਆ।
ਬਿਨ ਬੁਲਾਇਆਂ ਕਿੱਦਾਂ ਸੂਰਜ ਘਰ ਅਸਾਡੇ ਆ ਗਿਆ।

ਵਜਦ ਵਿਚ ਆ ਕੇ ਜਦੋਂ ਸੀ ਔਲੀਆ ਉਹ ਨੱਚਿਆ,
ਹੋ ਜੁਦਾ ਪਾਜ਼ੇਬ ਤੋਂ ਘੁੰਗਰੂ ਹਵਾ ਵਿਚ ਉੱਡਿਆ।

ਮੇਲ੍ਹਦੀ ਸੀ ਰਾਤ, ਸਾਹ ਵਿਚ ਸਾਹ ਨਹੀਂ ਸੀ ਆ ਰਿਹਾ,
ਚਾਨਣੀ ਨੇ ਉਸਦੇ ਮੱਥੇ ਨੂੰ ਕੁਝ ਐਸਾ ਡੰਗਿਆ।

ਓਸ ਰੱਬੀ ਨਾਦ ਦਾ ਗੁੰਜਨ ਸੁਣਾਈ ਦੇ ਰਿਹੈ,
ਲੋਕ ਤੇ ਪਰਲੋਕ ਹਰ ਥਾਈਂ ਹੈ ਜਿਹੜਾ ਫੈਲਿਆ।

ਜੇ ਨਹੀਂ ਹਾਂ ਸੱਚ ਤਾਂ ਮੈਂ ਝੂਠ ਵੀ ਹਰਗਿਜ਼ ਨਹੀਂ,
ਆਪਣੇ ਬਿਨ ਮੈਂ ਅਪੂਰਣ ਹਾਂ ਤੇ ਕੇਵਲ ਮਿੱਥਿਆ।

•

❑

ਖਾਰੇ ਸਮੁੰਦਰਾਂ ਨੂੰ ਨੈਣਾਂ ਦੇ ਵਿਚ ਸਮੋ ਕੇ।
ਆ ਮਿਲ ਕਦੇ ਤੂੰ ਮੈਨੂੰ ਏਦਾਂ ਵੀ ਮੇਰਾ ਹੋ ਕੇ।

ਬਰਫ਼ਾਂ ਦੀ ਹਿੱਕ ਵਿਚੋਂ ਉੱਠਦੀ ਹੈ ਲਾਟ ਕਿੱਦਾਂ,
ਵੇਖਾਂ ਕਦੇ ਤਾਂ ਮੈਂ ਵੀ ਬੂਹਾ ਹਵਾ ਦਾ ਢੋ ਕੇ।

ਉਹ ਵ੍ਹਰ ਗਿਆ ਹੈ ਕਿਧਰੇ ਦਰਿਆਵਾਂ ਉੱਤੇ ਸ਼ਾਇਦ,
ਸਾਡੇ ਨਸੀਬ ਮਾੜੇ, ਸਾਡੇ ਤਾਂ ਸ਼ਹਿਰ ਸੋਕੇ।

ਮੈਥੋਂ ਉਹ ਪੁੱਛਦਾ ਹੈ ਚੀਸਾਂ ਦਾ ਸੱਚ ਕੀ ਹੈ,
ਪੈਰਾਂ 'ਚ ਮੇਰੇ ਤਿੱਖੀਆਂ ਸੂਲਾਂ ਚੁਭੋ ਚੁਭੋ ਕੇ।

ਮੰਹਿਗੀ ਪਈ ਹੈ ਸਾਨੂੰ ਕੁਝ ਪਾਉਣ ਦੀ ਇਹ ਖ਼ਾਹਿਸ਼,
ਸਾਡੀ ਤਾਂ ਉਮਰ ਬੀਤੀ ਇਕ ਪੈਰ 'ਤੇ ਖਲੋ ਕੇ।

ਉਹ ਨਾਖ਼ੁਦਾ ਸੀ ਮੇਰਾ ਉਹ ਆਸਰਾ ਸੀ ਮੇਰਾ,
ਕਿੱਧਰ ਨੂੰ ਤੁਰ ਗਿਆ ਉਹ ਕਿਸ਼ਤੀ ਮਿਰੀ ਡਬੋ ਕੇ।

ਮੇਰੇ ਲਈ 'ਸ਼ਸ਼ੀ' ਇਹ ਬੇਸ਼ੱਕ ਨਵਾਂ ਨਹੀਂ ਹੈ,
ਅਕਸਰ ਹੀ ਵੇਖਿਆ ਹੈ ਅੱਖਾਂ ਨੇ ਖ਼ੂਨ ਰੋ ਕੇ।

•

❑

ਖ਼ੁਸ਼ਬੂ ਦਾ ਹੈ ਜਾਂ ਫਿਰ ਕਿਸੇ ਪੁਰਵਾਈ ਦਾ ਬਦਨ।
ਅੱਖਾਂ 'ਚ ਮੇਰੀ ਸਿਮਟਿਆ ਇਕ ਜਾਗਦਾ ਬਦਨ।

ਧੂਏਂ ਦੀ ਹਰ ਲਕੀਰ ਤੋਂ ਵਾਕਿਫ਼ ਹੈ ਖ਼ੂਬ ਇਹ,
ਅਪਣੀ ਪਰਾਈ ਅੱਗ ਨੂੰ ਪਹਿਚਾਣਦਾ ਬਦਨ।

ਅੱਖਾਂ ਨਾ ਕੰਨ, ਹੱਥ ਨਾ ਬਾਹਵਾਂ ਸੀ ਉਸਦੇ ਨਾਲ,
ਇਕ ਪੇਟ ਲੈ ਕੇ ਸ਼ਾਮ ਨੂੰ ਘਰ ਪਰਤਿਆ ਬਦਨ।

ਦਿਲ ਦੀ ਸੁਣੇ ਜਾਂ ਜ਼ਿਹਨ ਦੀ ਇਸ ਕਸ਼ਮਕਸ਼ ਦੇ ਵਿਚ,
ਜਿੱਤਦਾ ਕਦੇ ਹੈ ਜੰਗ ਕਦੇ ਹਾਰਦਾ ਬਦਨ।

ਜਿੱਦਾਂ ਪਿਘਲਦੀ ਸ਼ਮਅ ਹੈ ਹਰ ਰਾਤ ਮੱਚ ਕੇ,
ਇਉਂ ਹੌਲੀ-ਹੌਲੀ ਪਿਘਲਿਆ ਉਹ ਮੋਮ ਦਾ ਬਦਨ।

ਸਾਬਤ ਸੀ ਜਦ ਕਠੋਰ ਬਹੁਤ ਜਾਪਦਾ ਸੀ ਉਹ,
ਟੁੱਟਿਆ ਤਾਂ ਕਿਰਚਾਂ ਹੋ ਗਿਆ ਪੱਥਰ ਜਿਹਾ ਬਦਨ।

ਅੱਖਾਂ 'ਚ ਸਾਂਭੀ ਫਿਰਦਾ ਹਾਂ ਉਸ ਦਾ ਧੂਆਂ 'ਸ਼ਸ਼ੀ'
ਫੁੱਟਪਾਥ 'ਤੇ ਪਿਆ ਸੀ ਜੋ ਕੱਲ੍ਹ ਸੁਲਘਦਾ ਬਦਨ।
•

❑

ਉਹ ਕਹਿੰਦੇ ਨੇ ਇਕ ਦਿਨ ਮੈਂ ਮਰ ਜਾਵਾਂਗਾ।
ਮੈਂ ਕਹਿੰਦਾ ਹਾਂ ਰੂਪ ਬਦਲ ਕੇ ਆਵਾਂਗਾ।

ਕੁਝ ਆਖਾਂਗਾ ਪੱਥਰ ਆ ਕੇ ਵੱਜਣਗੇ,
ਚੁੱਪ ਰਹਾਂਗਾ ਖ਼ੁਦ ਪੱਥਰ ਹੋ ਜਾਵਾਂਗਾ।

ਘਰ ਤੋਂ ਬਾਹਰ ਹਰ ਪਾਸੇ ਹੈ ਸ਼ੋਰ ਬਹੁਤ,
ਘਰ ਤੋਂ ਬਾਹਰ ਜਾ ਕੇ ਵੀ ਘਬਰਾਵਾਂਗਾ।

ਦਿਲ ਮੈਨੂੰ ਅਕਸਰ ਸਮਝਾਉਂਦਾ ਆਇਆ ਹੈ,
ਅੱਜ ਅਪਣੇ ਮੈਂ ਇਸ ਦਿਲ ਨੂੰ ਸਮਝਾਵਾਂਗਾ।

ਜਿਨ੍ਹਾਂ ਤੰਦਾਂ ਨੂੰ ਮੈਂ ਖ਼ੁਦ ਉਲਝਾਇਆ ਸੀ,
ਉਨ੍ਹਾਂ ਤੰਦਾਂ ਨੂੰ ਹੀ ਹੁਣ ਸੁਲਝਾਵਾਂਗਾ।

ਇਹ ਕੀ ਪਤਾ ਸੀ ਏਦਾਂ ਵੀ ਹੋ ਜਾਵੇਗਾ,
ਅਪਣੇ ਆਪ ਤੋਂ ਏਨਾਂ ਮੈਂ ਉਕਤਾਵਾਂਗਾ।

•

❑

ਸ਼ਾਮ ਦੇ ਢਲਦੇ ਹੋਏ ਸੂਰਜ ਦਾ ਸਾਇਆ ਬੁਝ ਗਿਆ।
ਜਾਂ ਕਿਸੇ ਦਰਵੇਸ਼ ਦੇ ਹੁਜਰੇ ਦਾ ਦੀਵਾ ਬੁਝ ਗਿਆ।

ਤਾਬ ਝੱਲੀ ਸੀ ਨਾ ਜਾਂਦੀ ਜਿਸਦੀ ਚੜ੍ਹਦੀ ਉਮਰ ਵਿਚ,
ਉਮਰ ਦੇ ਇਸ ਮੋੜ 'ਤੇ ਅੱਜ ਓਹੋ ਚਿਹਰਾ ਬੁਝ ਗਿਆ।

ਬੁਝ ਰਿਹਾ ਸੀ ਦਿਲ ਮਿਰਾ ਜਦ ਮੈਨੂੰ ਏਦਾਂ ਜਾਪਿਆ,
ਮੇਰੀ ਅਪਣੀ ਹੋਂਦ ਦਾ ਇਕ ਅਹਿਮ ਹਿੱਸਾ ਬੁਝ ਗਿਆ।

ਦੂਰ ਰਹਿ ਕੇ ਇਕ ਦੂਜੇ ਤੋਂ ਕੀ ਪਾਇਆ ਅੰਤ ਨੂੰ,
ਮੈਂ ਇਕੱਲਾ ਬੁਝ ਰਿਹਾ ਹਾਂ ਉਹ ਇਕੱਲਾ ਬੁਝ ਗਿਆ।

ਜਿਸਦਾ ਨਿਸ਼ਚਾ ਸੀ ਬਲੇਗਾ ਪਹੁ-ਫੁਟਾਲਾ ਹੋਣ ਤਕ,
ਫੜਫੜਾ ਕੇ ਉਹ ਵੀ ਇੱਕ ਦੀਵਾ ਵਿਚਾਰਾ ਬੁਝ ਗਿਆ।

ਮੇਰੇ ਪੈਰਾਂ ਨੂੰ ਜੋ ਹੁਣ ਤਕ ਸੇਧ ਦਿੰਦਾ ਸੀ 'ਸ਼ਸ਼ੀ',
ਜਗਮਗਾਉਂਦਾ ਸੀ ਜੋ ਕੱਲ੍ਹ ਤਕ ਅੱਜ ਉਹ ਰਸਤਾ ਬੁਝ ਗਿਆ।

•

❑

ਖਹਿ ਕੇ ਲੰਘ ਜਾਂਦਾ ਹੈ ਤੇਜ਼ ਹਵਾਵਾਂ ਨਾਲ।
ਇਕ ਚੰਗਿਆੜਾ ਜਦ ਉਡਦਾ ਹੈ ਚਾਵਾਂ ਨਾਲ।

ਭਰੀ ਦੋਪਹਿਰੀ ਮੁੜ ਗਈ ਆ ਕੇ ਬੂਹੇ ਤੋਂ,
ਕੀ ਸੰਬੰਧ ਹੈ ਇਸ ਦਾ ਤੇਜ਼ ਹਵਾਵਾਂ ਨਾਲ।

ਖੋ ਗਏ ਜਿਹੜੇ ਗੁੰਮਨਾਮੀ ਦੇ ਨ੍ਹੇਰੇ ਵਿਚ,
ਰੌਸ਼ਨ ਨੇ ਕੁਝ ਯਾਦਾਂ ਉਨ੍ਹਾਂ ਨਾਵਾਂ ਨਾਲ।

ਵਿਦਵਾਨਾਂ ਨੇ ਧਨਵਾਨਾਂ ਤੋਂ ਲੈਣਾ ਕੀ,
ਹੰਸਾਂ ਦਾ ਕੀ ਮੇਲ ਹੈ ਕਾਲੇ ਕਾਵਾਂ ਨਾਲ।

ਇਨ੍ਹਾਂ ਬਾਝੋਂ ਧੁੱਪਾਂ ਹੀ ਬਸ ਧੁੱਪਾਂ ਨੇ,
ਠੰਡੀਆਂ ਛਾਵਾਂ ਤਾਂ ਹੁੰਦੀਆਂ ਨੇ ਮਾਵਾਂ ਨਾਲ।

•

❑

ਤੁਰੀਂ ਹੈ ਗੱਲ ਮੁੜ ਤੋਂ ਜ਼ਿੰਦਗੀ ਦੇ ਨ੍ਹੇਰਿਆਂ ਬਾਰੇ।
ਬੁਝਾਏ ਜੋ ਹਵਾ ਨੇ ਉਨ੍ਹਾਂ ਸਾਰੇ ਦੀਵਿਆਂ ਬਾਰੇ।

ਬਗ਼ਾਵਤ ਕਰ ਰਹੇ ਨੇ ਇਸ ਘੜੀ ਅਪਣੇ ਬਗਾਣੇ ਸਭ,
ਕਰੋ ਚਰਚਾ ਨਾ ਇਸ ਵੇਲੇ ਕਿਸੇ ਦੇ ਮੁਹਰਿਆਂ ਬਾਰੇ।

ਕਦੀ ਮਨਸੂਰ ਨੂੰ ਸੂਲੀ 'ਤੇ ਲਟਕਾਉਂਦੇ ਨਾ ਬੇਇਲਮੇ,
ਜੇ ਕੁਝ ਵੀ ਜਾਣਦੇ ਹੁੰਦੇ ਉਹ ਹਠਧਰਮੀ ਨਿਆਂ ਬਾਰੇ।

ਸਫ਼ਰ ਦੇ ਵਿਚ ਹੀ ਗੁਜ਼ਰੀ ਹੈ ਪੂਰੀ ਉਮਰ ਮੇਰੀ ਤਾਂ,
ਬਹੁਤ ਕੁਝ ਜਾਣਦਾ ਹਾਂ ਮੈਂ ਵੀ ਡੂੰਘੇ ਸਾਗਰਾਂ ਬਾਰੇ।

ਕੁੜੱਤਣ ਹੋ ਭਰ ਜਾਂਦੀ ਹੈ ਮੇਰੇ ਅਪਣੇ ਮਨ ਅੰਦਰ,
ਮੈਂ ਜਦ ਵੀ ਸੋਚਦਾ ਹਾਂ ਬਸ ਜ਼ਰਾ ਕੁ ਅਪਣਿਆਂ ਬਾਰੇ।

•

❑

ਤੁਹਾਡੇ ਸ਼ਹਿਰ ਦਾ ਹਰ ਸ਼ਖ਼ਸ ਸੂਲੀ ਟੰਗਿਆ ਦਿੱਸੇ।
ਲਹੂ ਦੇ ਵਿਚ ਪੂਰਾ ਸ਼ਹਿਰ ਮੈਨੂੰ ਡੁੱਬਿਆ ਦਿੱਸੇ।

ਸੁਲਘਦਾ ਸਹਿਕਦਾ ਉਹ ਆਪਣੇ ਹੀ ਟੁਕੜਿਆਂ ਅੰਦਰ,
ਫ਼ਲਕ ਨਾਲੋਂ ਕਿਸੇ ਤਾਰੇ ਦੇ ਵਾਂਗੂੰ ਟੁੱਟਿਆ ਦਿੱਸੇ।

ਜੋ ਰੌਸ਼ਨ ਹੈ ਮੇਰੇ ਅੰਬਰ 'ਤੇ ਅੱਜ ਦੀ ਰਾਤ ਉਹ ਮੈਨੂੰ,
ਕਿਸੇ ਖੰਜਰ ਦੇ ਵਾਂਗੂੰ ਦਿਲ ਦੇ ਅੰਦਰ ਖੁੱਭਿਆ ਦਿੱਸੇ।

ਬਹੁਤ ਹੀ ਦੂਰ ਰਹਿੰਦਾ ਹੈ ਜੋ ਰੰਗਾਂ ਦੀ ਨੁਮਾਇਸ਼ ਤੋਂ,
ਕਿਸੇ ਰੰਗੀਨ ਮੌਸਮ ਦਾ ਉਹ ਮੈਨੂੰ ਡੰਗਿਆ ਦਿੱਸੇ।

ਅਜਬ ਸ਼ਤਰੰਜ ਦੀ ਬਾਜ਼ੀ ਹੈ ਇਹ ਦੁਨੀਆਂ ਐ ਦਿਲ ਇਸ ਵਿਚ,
ਨਾ ਕੋਈ ਹਾਰਿਆ ਦਿੱਸੇ ਨਾ ਕੋਈ ਜਿੱਤਿਆ ਦਿੱਸੇ।

•

❑

ਉਹੋ ਹੈ ਸਿਰਫ਼ ਜੋ 'ਕੱਲਾ ਖੜ੍ਹਾ ਹੈ।
ਇਹ ਸ਼ਾਇਦ ਸੱਚ ਬੋਲਣ ਦੀ ਸਜ਼ਾ ਹੈ।

ਮੈਂ ਕਤਰੇ ਦੀ ਹਿਫ਼ਾਜਤ ਕਰ ਰਿਹਾ ਹਾਂ,
ਕਿ ਇਕ ਕਤਰਾ ਸਮੁੰਦਰ ਤੋਂ ਬੜਾ ਹੈ।

ਸਿਰਫ਼ ਬਾਹਰ ਨਹੀਂ ਜੋ ਸਾਮ੍ਹਣੇ ਹੈ,
ਮੇਰੇ ਅੰਦਰ ਵੀ ਸ਼ਾਇਦ ਇਕ ਖ਼ਲਾ ਹੈ।

ਸਦੀਵੀ ਚੁੱਪ ਹੈ ਪਰਬਤ ਦੀ ਇਹ ਤਾਂ,
ਕਦੇ ਪੱਥਰ ਵੀ ਕੋਈ ਬੋਲਦਾ ਹੈ।

ਕਿਸੇ ਪੰਛੀ ਦੇ ਵਾਂਗੂੰ ਫੜਫੜਾ ਕੇ,
ਸੁਨਹਿਰੀ ਖ਼੍ਵਾਬ ਕੋਈ ਉੱਡਦਾ ਹੈ।

ਮੇਰੀ ਹੀ ਸੋਚ ਦਾ ਹੈ ਤੀਰ ਜਿਹੜਾ,
ਮੇਰੇ ਸੀਨੇ 'ਚ ਆ ਕੇ ਖੁੱਭਦਾ ਹੈ।

ਕਿਤੇ ਵਸਤਰ ਅਨੇਕਾਂ ਸਜ ਰਹੇ ਹਨ,
ਕਿਤੇ ਬੇਬਸ ਕੋਈ ਨੰਗਾ ਖੜ੍ਹਾ ਹੈ।

ਤੇਰੇ ਨੇਜ਼ੇ ਦੀ ਯਾਰਾ ਨੋਕ ਉੱਤੇ,
ਲਹੂ ਮੇਰਾ ਹੀ ਹੈ ਜੋ ਲਿਸ਼ਕਦਾ ਹੈ।

•

❑

ਸੋਚ ਮਤ ਬੈਠੀਂ ਕਿ ਮੈਂ ਕਮਜ਼ੋਰ ਹਾਂ।
ਤੇਜ਼ ਵਗਦੀ ’ਵਾ ਹਾਂ ਮੈਂ ਮੂੰਹ-ਜ਼ੋਰ ਹਾਂ।

ਉਹ ਵੀ ਤੇ ਸ਼ਾਇਦ ਨਹੀਂ ਹੁਣ ਉਹ ਰਿਹਾ,
ਮੈਂ ਵੀ ਤਾਂ ਹੁਣ ਉਹ ਨਹੀਂ ਕੋਈ ਹੋਰ ਹਾਂ।

ਘਰ ਤੋਂ ਬਾਹਰ ਮੌਸਮਾਂ ਦੀ ਕੀ ਖ਼ਬਰ,
ਕਾਰਨਸ ਦੇ ਉੱਤੇ ਰੱਖਿਆ ਮੋਰ ਹਾਂ।

ਲੈ ਉਡੇ ਜਿੱਧਰ ਨੂੰ ਚਾਹੇ ਇਹ ਹਵਾ,
ਮੈਂ ਤਾਂ ਇਸਦੇ ਨਾਲ ਉਡਦੀ ਡੋਰ ਹਾਂ।

ਮੈਂ ਤਾਂ ਹਾਂ ਬਲਦੇ ਥਲਾਂ ਦੀ ਵੇਦਨਾ,
ਬਦ-ਦੁਆ ਵਰਗਾ ਮੈਂ ਕੋਈ ਸ਼ੋਰ ਹਾਂ।

ਮਿਲ ਹੀ ਜਾਵੇਗਾ ਸਮੁੰਦਰ ਇਕ ਦਿਨ,
ਹਾਂ ਸਫ਼ਰ ਵਿਚ ਮੈਂ ਨਦੀ ਦੀ ਤੋਰ ਹਾਂ।

•

❑

ਇਹ ਕਾਲੀ ਕੰਧ ਉਨ੍ਹਾਂ ਕਿਸ ਲਈ ਉਸਾਰੀ ਹੈ।
ਅਸਾਡੀ ਹੋਂਦ ਤਾਂ ਕੁਝ ਮਸਲਿਆਂ ਨੇ ਮਾਰੀ ਹੈ।

ਲਹੂ-ਲੁਹਾਨ ਉਹ ਸੂਰਜ ਇਹ ਕਹਿ ਕੇ ਡੁੱਬ ਗਿਆ,
ਕਿ ਜਾਣਬੁੱਝ ਕੇ ਇਹ ਜੰਗ ਉਸਨੇ ਹਾਰੀ ਹੈ।

ਉਹ ਰਾਹਜ਼ਨ ਹੈ ਮੇਰੇ ਨਾਲ ਉਸਦੀ ਨਿਸਬਤ ਕੀ,
ਮੈਂ ਰਾਹਬਰ ਹਾਂ ਮੇਰੀ ਅਪਣੀ ਜ਼ਿੱਮੇਦਾਰੀ ਹੈ।

ਅਜੀਬ ਅਹਿਦ ਹੈ ਇਸ ਅਹਿਦ ਬਾਰੇ ਕੀ ਆਖਾਂ,
ਕਿਸੇ ਤਰ੍ਹਾਂ ਵੀ ਮਹਿਜ਼ ਜ਼ਿੰਦਗੀ ਗੁਜ਼ਾਰੀ ਹੈ।

ਹੈ ਜੀਉਣ-ਜੋਗੀ ਅਜੇ ਅੱਗ ਕੁਝ ਲਹੂ ਅੰਦਰ,
ਇਹ ਮੰਨਿਆਂ ਕਿ ਹਵਾਵਾਂ ਦੇ ਵਿਚ ਠਾਰੀ ਹੈ।

•

❑

ਖੋਲ੍ਹ ਕੇ ਏਦਾਂ ਸਭ ਕੁਝ ਅੱਖਰ-ਅੱਖਰ ਲਿਖ।
ਸ਼ੀਸ਼ੇ ਨੂੰ ਸ਼ੀਸ਼ਾ ਪੱਥਰ ਨੂੰ ਪੱਥਰ ਲਿਖ।

ਅੱਜ ਦੇ ਦਸਤਾਵੇਜ਼ ਨੇ ਤੇਰੀਆਂ ਇਹ ਲਿਖਤਾਂ,
ਜੋ ਵੀ ਲਿਖਣਾ ਪਹਿਲਾਂ ਨਾਲੋਂ ਬਿਹਤਰ ਲਿਖ।

ਕੁਝ ਤਹਿਰੀਰਾਂ ਵਰਜਿਤ ਹਨ ਇਹ ਧਿਆਨ ਰਹੇ,
ਇਕ ਨਿਰਧਾਰਤ ਸੀਮਾ ਦੇ ਹੀ ਅੰਦਰ ਲਿਖ।

ਤਕਨੀਕੀ ਇਹ ਦੌਰ ਵੀ ਬਹੁਤਾ ਚੰਗਾ ਨਹੀਂ,
ਭੁੱਲ ਗਏ ਹਨ ਲੋਕੀਂ ਪਰ ਤੂੰ ਇਕ ਪੱਤਰ ਲਿਖ।

ਛੱਡ ਕੇ ਮੈਨੂੰ ਬਿਨ ਬੂਹੇ ਦੇ ਗੁੰਬਦ ਵਿਚ,
ਤੁਰ ਗਈ ਪੌਣ ਰੁਮਕਦੀ ਆਖ਼ਿਰ ਕਿੱਧਰ ਲਿਖ।

ਪੈਰ ਪੈਰ 'ਤੇ ਘਰ ਦੀਆਂ ਲੋੜਾਂ ਲੱਖ ਗੁਣਾ,
ਜੇ ਮਿਲ ਜਾਵੇ ਕੋਈ ਛੱਤ ਉਸਨੂੰ ਘਰ ਲਿਖ।

•

❑

ਇਹ ਹਨ੍ਹੇਰੇ ਮੇਰੀ ਹਸਤੀ ਤੋਂ ਅਜੇ ਅਨਜਾਣ ਹਨ।
ਝੱਖੜਾਂ ਵਿਚ ਬਲ ਰਹੇ ਦੀਵੇ ਮੇਰੀ ਪਹਿਚਾਣ ਹਨ।

ਵਿੰਨ੍ਹ ਕੇ ਰੱਖ ਦੇਣਗੇ ਦਹਿਸ਼ਤ ਦੀ ਪੱਸਰੀ ਚੁੱਪ ਨੂੰ,
ਮੇਰੇ ਤਰਕਸ਼ ਵਿਚ ਸ਼ਬਦਾਂ ਦੇ ਅਜਿਹੇ ਬਾਣ ਹਨ।

ਭੂੰ ਜੋ ਮੁਹਰੇ ਚਲ ਰਿਹਾ ਏਂ ਹਰ ਨਜ਼ਰ ਹੈ ਵੇਖਦੀ,
ਸਮਝਦੇ ਨੇ ਚਾਲ ਤੇਰੀ ਲੋਕ ਜਾਣੀ-ਜਾਣ ਹਨ।

ਨਾ-ਸਮਝ ਕਹਿ ਕੇ ਜਿਨ੍ਹਾਂ ਨੂੰ ਲੋਕ ਹਨ ਦੁਰਕਾਰਦੇ,
ਸਿੱਧੇ-ਸਾਦੇ ਉਹੋ ਬੰਦੇ ਹੀ ਗੁਣਾਂ ਦੀ ਖਾਣ ਹਨ।

ਗੂੰਜਦੀ ਹੈ ਜੋ ਖ਼ਲਾਅ ਵਿਚ ਸੁਣ ਰਿਹੈਂ ਮੈਂ ਓਸ ਨੂੰ,
ਇਹ ਉਹੋ ਸਰਗਮ ਹੈ ਜਿਸਨੂੰ ਆਖਦੇ ਸਭ ਪ੍ਰਾਣ ਹਨ।

•

❑

ਉਹ ਜੋ ਪੱਥਰ ਦਾ ਇਕ ਬੁਤ ਸੀ ਮੋਮ ਦੇ ਵਾਂਗੂੰ ਪਿਘਲ ਗਿਆ।
ਉਸਦੇ ਪਿਘਲਦੇ ਸਾਰ ਹੀ ਮੇਰੀ ਸੋਚ ਦਾ ਨਕਸ਼ਾ ਬਦਲ ਗਿਆ।

ਮਤਲਬ ਦੇ ਸੰਬੰਧ ਸੀ ਸਾਰੇ ਮਤਲਬ ਦੇ ਸਭ ਰਿਸ਼ਤੇ-ਸਾਕ,
ਸਾਇਆ ਬਣ ਕੇ ਤੁਰਿਆ ਸੀ ਜੋ ਉਹ ਵੀ ਰਸਤਾ ਬਦਲ ਗਿਆ।

ਉਸਦਾ ਅੱਖਰ-ਅੱਖਰ ਅੱਜ ਤੱਕ ਦੀਵੇ ਵਾਂਗੂੰ ਰੌਸ਼ਨ ਹੈ,
ਜਿਹੜਾ ਖ਼ਤ ਉਹ ਵਿਛੜਣ ਲੱਗਿਆਂ ਮੇਰੇ ਤਾਈਂ ਘੱਲ ਗਿਆ।

ਖੋਹ ਲਿਆ ਉਸਨੇ ਮੈਥੋਂ ਮੇਰੇ ਜੀਣ ਦਾ ਹਰ ਇਕ ਸੁਪਨਾ ਤਕ,
ਮੈਂ ਬੇਸ਼ੱਕ ਕਮਜ਼ੋਰ ਸੀ ਫਿਰ ਵੀ ਡਿਗਦੇ ਡਿਗਦੇ ਸੰਭਲ ਗਿਆ।

ਭੁੱਲੀ-ਵਿਸਰੀ ਪੀੜ ਜਗਾ ਕੇ ਰੋਂਦਾ ਹਾਂ ਮੈਂ ਜ਼ਾਰੋਜ਼ਾਰ,
ਪੈਰ 'ਚ ਜਿਹੜਾ ਚੁੱਭਿਆ ਸੀ ਉਹ ਕੰਡਾ ਕਦੋਂ ਦਾ ਨਿਕਲ ਗਿਆ।

ਦਿਲ ਦੀ ਇਸ ਕੰਡਿਆਲੀ ਜੂਹ 'ਤੇ ਕਿੰਨੇ ਕੰਡੇ ਲਿਸ਼ਕ ਪਏ,
ਇਕ ਅਚਾਨਕ ਅੱਥਰਾ ਹਾਸਾ ਮੇਰੀ ਅੱਖੋਂ ਫਿਸਲ ਗਿਆ।

•

❑

ਸੱਧਰ-ਸੱਧਰ ਬੰਜਰ ਧਰਤੀ ਗੁਲਸ਼ਨ ਦੇ ਆਸਾਰ ਨਹੀਂ।
ਬੇਹਿਸ ਲੋਕਾਂ ਦੇ ਵਿਚ ਅਪਣਾ ਹੁਣ ਕੋਈ ਗ਼ਮਖ਼ੁਆਰ ਨਹੀਂ।

ਅਣਖਾਂ ਖ਼ਾਤਿਰ ਜਿਹਨਾਂ ਅਪਣੇ ਸਿਰ ਦੀ ਬਾਜ਼ੀ ਲਾ ਦਿੱਤੀ,
ਅੱਜ ਦੇ ਦੌਰ 'ਚ ਉਹਨਾਂ ਵਰਗਾ ਇਕ ਵੀ ਤਾਂ ਖ਼ੁੱਦਾਰ ਨਹੀਂ।

ਇਕ ਬਰਬਾਦੀ ਦਾ ਕਿੱਸਾ ਹੈ, ਸਿਵਿਆਂ ਦਾ ਇਤਿਹਾਸ ਹੈ ਉਹ,
ਜਿਸ ਨੂੰ ਮੁੜ-ਮੁੜ ਦੁਹਰਾਂਦੇ ਹੋ ਉਹ ਕੋਈ ਸ਼ਹਿਕਾਰ ਨਹੀਂ।

ਸੋਚਾਂ ਦੇ ਮਾਰੂਥਲ ਅੰਦਰ ਝੱਖੜ ਝੁਲਦੇ ਰਹਿੰਦੇ ਨੇ,
ਉਸ 'ਤੇ ਕੀ ਬੀਤੇਗੀ ਇਸ ਦੀ ਉਸਨੂੰ ਸੋਚ ਵਿਚਾਰ ਨਹੀਂ।

ਅਜੇ ਤੀਕ ਉਮੀਦ ਹੈ ਮੈਨੂੰ ਬਦਲਣਗੇ ਇਹ ਦਿਨ ਆਖ਼ਿਰ,
ਅਪਣੇ ਇਸ ਨੀਰਸ ਜੀਵਨ ਤੋਂ ਹਾਲੇ ਮੈਂ ਬੇਜ਼ਾਰ ਨਹੀਂ।

ਭਲਿਓ ਲੋਕੋ ਇਸ ਜੀਵਨ ਨੂੰ ਜਿਉਣ ਕੁ ਜੋਗਾ ਰਹਿਣ ਦਿਉ,
ਹੱਸਦੀ-ਵੱਸਦੀ ਇਸ ਦੁਨੀਆਂ ਵਿਚ ਨਫ਼ਰਤ ਦਾ ਪਰਚਾਰ ਨਹੀਂ।

•

❑

ਵਿਲਕਦੇ ਹੋਏ ਸੁਰਾਂ ਵਿਚ ਗਾ ਰਿਹੈ।
ਕੌਣ ਹੈ ਜੋ ਸਾਨੂੰ ਇਉਂ ਤੜਪਾ ਰਿਹੈ।

ਕੱਛੇ ਲੈ ਕੇ ਡਿਗਰੀਆਂ ਦੀ ਪੋਟਲੀ,
ਨੌਕਰੀ ਲੱਭਣ ਸੁਦਾਮਾ ਜਾ ਰਿਹੈ।

ਚਕਰਵਿਊ ਰੋਟੀ ਦਾ ਟੁੱਟਦਾ ਹੀ ਨਹੀਂ,
ਅੱਜ ਦਾ ਅਭਿਮੰਨਿਊ ਮੂੰਹ ਦੀ ਖਾ ਰਿਹੈ।

ਕ੍ਰਿਸ਼ਨ ਦੇ ਉਪਦੇਸ਼ ਦੀ ਮੁੜ ਲੋੜ ਹੈ,
ਉਸਦਾ ਅਰਜੁਨ ਲੜ੍ਹਣ ਤੋਂ ਘਬਰਾ ਰਿਹੈ।

ਸੰਸਿਆਂ ਦੀ ਕਿੱਲੀ ਉੱਤੇ ਟੰਗਿਆ,
ਆਦਮੀ ਕਿਸ ਵਾਕ ਨੂੰ ਦੁਹਰਾ ਰਿਹੈ।

ਚੂੰਡ ਕੇ ਗਿਰਝਾਂ ਨੇ ਉਸਨੂੰ ਖਾ ਲਿਆ,
ਪੁੱਤ ਨੂੰ ਹੁਣ ਬਾਪ ਇਹ ਸਮਝਾ ਰਿਹੈ।

ਰਿਸ਼ਤਿਆਂ ਦਾ ਪੁਲ ਨਾ ਰੁੜ੍ਹ ਜਾਵੇ ਕਿਤੇ,
ਸੰਸਿਆਂ ਦਾ ਪਾਣੀ ਚੜ੍ਹਦਾ ਆ ਰਿਹੈ।

•

❑

ਨਵਾਂ ਇਕ ਰਿਸ਼ਤਾ ਪੈਦਾ ਹੋ ਗਿਆ ਹੈ।
ਮੇਰਾ ਖ਼ੁਦ ਨਾਲ ਝਗੜਾ ਹੋ ਗਿਆ ਹੈ।

ਮੈਂ ਅਪਣੀ ਲਾਸ਼ ਸੁੱਟ ਆਇਆ ਹਾਂ ਕਿਧਰੇ,
ਤੁਹਾਡਾ ਕੰਮ ਪੂਰਾ ਹੋ ਗਿਆ ਹੈ।

ਜੋ ਪੱਥਰ ਸਨ ਉਹ ਸਾਰੇ ਮੋਮ ਹੋਏ,
ਧਰਤ ਦਾ ਬੋਝ ਹੌਲਾ ਹੋ ਗਿਆ ਹੈ।

ਕੋਈ ਉਪਚਾਰ ਵੀ ਨਾ ਰਾਸ ਆਇਆ,
ਸਗੋਂ ਇਹ ਜ਼ਖ਼ਮ ਗਹਿਰਾ ਹੋ ਗਿਆ ਹੈ।

ਜੋ ਕੱਲ੍ਹ ਤਕ ਜਾਪਦਾ ਸੀ ਬਹੁਤ ਔਖਾ,
ਉਹ ਸਭ ਕੁਝ ਅੱਜ ਸੌਖਾ ਹੋ ਗਿਆ ਹੈ।

ਜਦੋਂ ਸੀ ਅੱਖ ਵਿਚ ਸੁੱਚਾ ਸੀ ਪਾਣੀ,
ਪਲਕ 'ਤੇ ਆ ਕੇ ਜੂਠਾ ਹੋ ਗਿਆ ਹੈ।

ਸੁਣਾਵਾਂ ਕਿਸ ਤਰ੍ਹਾਂ ਅਪਣੀ ਵਿਥਾ ਮੈਂ,
ਤੇਰਾ ਕਾਨੂੰਨ ਬਹਿਰਾ ਹੋ ਗਿਆ ਹੈ।

•

❑

ਪੱਥਰ ਦੇ ਵਿਚ ਸੁੱਤਾ ਪਾਣੀ ਲਰਜ਼ ਪਿਆ।
ਅੰਦਰ ਵਾਲਾ ਬੋਧ-ਬਿਰਖ ਜਦ ਸੁੱਕ ਗਿਆ।

ਮੈਂ ਇਸ ਕੰਢੇ ਬੈਠਾ ਕੀ ਹਾਂ ਸੋਚ ਰਿਹਾ,
ਉਹ ਤਾਂ ਕਦੋਂ ਦਾ ਦੂਜੇ ਕੰਢੇ ਪੁੱਜ ਗਿਆ।

ਪਈ ਨਾ ਸਿਰ 'ਤੇ ਬਰਫ਼ ਨਾ ਬੱਦਲ ਹੀ ਵਰ੍ਹਿਆ,
ਮੇਰੇ ਤਕ ਆਈ ਹੈ ਕਿੱਥੋਂ ਸਰਦ ਹਵਾ।

ਸੁਲਘ ਰਿਹਾ ਹੈ ਬਾਹਰ ਸੂਰਜ ਅੰਬਰ 'ਤੇ,
ਅੰਦਰ ਮੇਰਾ ਮਨ ਬਉਰਾ ਹੈ ਸੁਲਘ ਰਿਹਾ।

ਅੰਬਰ ਦੇ ਵਿਚ ਨਾਲ ਉਡਾਈ ਫਿਰਦੀ ਹੈ,
ਹਵਾ ਦੇ ਹੱਥ 'ਚ ਕੀ ਹੈ ਇਹ ਰੂਮਾਲ ਜਿਹਾ।

ਕਾਲਾ ਨਾਗ ਨਾ ਕਿੱਧਰੋਂ ਕੋਈ ਆ ਜਾਵੇ,
ਰਾਤ ਦੀ ਰਾਨੀ ਮਹਿਕ ਨਾ ਆਪਣੀ ਇੰਜ ਖਿੰਡਾ।

•

❑

ਦਿਲ ਇਹ ਚਾਹੁੰਦਾ ਹੈ ਅਜਿਹੀ ਕੋਈ ਤਹਿਰੀਰ ਲਿਖਾਂ।
ਖ਼ੁਆਬ ਨੂੰ ਜੁਰਮ ਲਿਖਾਂ ਸੋਚ ਨੂੰ ਜ਼ੰਜੀਰ ਲਿਖਾਂ।

ਉਹ ਕਿ ਇਕ ਖ਼ੁਆਬ ਕਿ ਜਿਸ ਖ਼ੁਆਬ ਤੋਂ ਡਰ ਆਉਂਦਾ ਹੈ,
ਮੈਥੋਂ ਮੁਮਕਿਨ ਨਹੀਂ ਉਸ ਖ਼ੁਆਬ ਦੀ ਤਾਬੀਰ ਲਿਖਾਂ।

ਇਹ ਜੋ ਅੱਖਾਂ 'ਚ ਸੁਲਘਦੇ ਨੇ ਮੇਰੇ ਇਹਨਾਂ ਨੂੰ,
ਮਘਦੇ ਅੰਗਿਆਰ ਲਿਖਾਂ ਜਾਂ ਕਿ ਫ਼ਕਤ ਨੀਰ ਲਿਖਾਂ।

ਇਹ ਮੇਰਾ ਦੁੱਖ ਗ਼ਰੀਬੀ ਨਾ ਮੇਰੀ ਅਖਵਾਏ,
ਸੋਚਦਾ ਹਾਂ ਕਿ ਮੈਂ ਇਸ ਦੁੱਖ ਨੂੰ ਜਾਗੀਰ ਲਿਖਾਂ।

ਇਹ ਜੋ ਬੇਦਰਦ ਹਵਾ ਕਰ ਗਈ ਪੱਤੇ ਛਲਣੀ,
ਅਪਣੇ ਅਫ਼ਸਾਨੇ 'ਚ ਇਸ ਨੂੰ ਜੇ ਲਿਖਾਂ ਤੀਰ ਲਿਖਾਂ।

•

❑

ਮੈਨੂੰ ਇਸ ਬਾਤ ਦਾ ਗਿਲਾ ਵੀ ਨਹੀਂ।
ਹੋਰ ਕੁਝ ਕਹਿਣ ਨੂੰ ਰਿਹਾ ਵੀ ਨਹੀਂ।

ਉਹ ਆਦਮੀ ਵੀ ਮੇਰੇ ਦੌਰ ਦੀ ਹਕੀਕਤ ਹੈ,
ਜੋ ਸੋਜਦਾ ਵੀ ਨਹੀਂ ਖ਼ੂਾਬ ਵੇਖਦਾ ਵੀ ਨਹੀਂ।

ਉਹ ਸ਼ਖ਼ਸ ਦਿਲ ਦੇ ਬਹੁਤ ਹੀ ਕਰੀਬ ਹੈ ਮੇਰੇ,
ਉਹ ਸ਼ਖ਼ਸ ਜਿਸਦਾ ਮੇਰੇ ਨਾਲ ਵਾਸਤਾ ਵੀ ਨਹੀਂ।

ਮੈਂ ਸੋਚਦਾ ਹਾਂ ਉਹ ਕਿੱਦਾਂ ਵਿਛੜ ਗਿਆ ਮੈਥੋਂ,
ਤੁਰੇ ਸੀ ਤਾਂ ਕੋਈ ਰਸਤੇ ਤੋਂ ਭਟਕਿਆ ਵੀ ਨਹੀਂ।

ਬੁਝੇ-ਬੁਝੇ ਨਜ਼ਰ ਆਉਂਦੇ ਨੇ ਸਾਰੇ ਨੱਜ਼ਾਰੇ,
ਕੋਈ ਸਿਤਾਰਾ ਕਿਤੇ ਦੂਰ ਲਿਸ਼ਕਦਾ ਵੀ ਨਹੀਂ।

ਮਿਲਾਪ ਉਸਦਾ ਅਚੰਭਾ ਜਿਹਾ ਕਿਵੇਂ ਲਗਦਾ,
ਨਜ਼ਰ ਤੋਂ ਦੂਰ ਮੇਰੀ ਜੋ ਕਦੇ ਗਿਆ ਵੀ ਨਹੀਂ।

ਲੜਾਂਗਾ ਏਸ ਲੜਾਈ ਨੂੰ ਹੁਣ ਇਕੱਲਾ ਮੈਂ,
ਕਿਸੇ ਅਸੀਸ ਦਾ ਹੁਣ ਸਾਥ ਆਸਰਾ ਵੀ ਨਹੀਂ।

•

❑

ਚੁੱਪ ਦੇ ਅਵਸ਼ੇਸ਼ ਹਨ ਬਾਕੀ ਅਜੇ।
ਪੋਟਿਆਂ ਵਿਚ ਪੀੜ ਹੈ ਜਿਉਂਦੀ ਅਜੇ।

ਛਟਪਟਾ ਕੇ ਰਹਿ ਗਈ ਸੰਵੇਦਨਾ,
ਚੇਤਨਾ ਦੀ ਬੰਦ ਹੈ ਮੁੱਠੀ ਅਜੇ।

ਮੀਂਹ ਤਾਂ ਵਰ੍ਹ ਕੇ ਵੀ ਕਦੋਂ ਦਾ ਰੁਕ ਗਿਆ,
ਪਰ ਅਭਾਗੀ ਇਹ ਹਵਾ ਗਿੱਲੀ ਅਜੇ।

ਗਰਕ ਹੋ ਕੇ ਪਾਣੀਆਂ ਦੇ ਵਿਚ ਵੀ,
ਸਿਰਜਦੀ ਸੰਵਾਦ ਹੈ ਮਿੱਟੀ ਅਜੇ।

ਵਕਤ ਵਦਲੇਗਾ ਤਾਂ ਹੱਸਾਂਗਾ ਜ਼ਰੂਰ,
ਹੋਠਾਂ ਉੱਪਰ ਹੈ ਮੇਰੇ ਸਿਸਕੀ ਅਜੇ।

•

❑

ਤ੍ਰਿਪਤ ਤੇ ਅਤ੍ਰਿਪਤ ਵਿਚਲਾ ਫ਼ਾਸਿਲਾ।
ਹਾਇ ਇਹ ਕਿਉਂਕਰ ਨਾ ਮਿੱਟਿਆ ਫ਼ਾਸਿਲਾ।

ਦੇਰ ਤਕ ਬੇਚੈਨ ਕਰਦਾ ਹੀ ਰਿਹਾ,
ਲੈਅ ਤੇ ਹਰਕਤ ਵਿਚ ਥਿਰਕਦਾ ਫ਼ਾਸਿਲਾ।

ਖ਼ੁਦ ਨਦੀ ਦੇ ਕੰਢਿਆਂ ਨੇ ਵੇਖਿਆ,
ਪਾਣੀਆਂ ਵਿਚਕਾਰ ਰਿੜ੍ਹਦਾ ਫ਼ਾਸਿਲਾ।

ਖੂਹ ਦੇ ਤਲ ਤੋਂ ਲੈ ਕੇ ਖੂਹ ਦੀ ਮੌਣ ਤੱਕ,
ਆਪਣੇ 'ਤੇ ਆਪ ਖਿੱਝਦਾ ਫ਼ਾਸਿਲਾ।

ਸਿੱਲ੍ਹੇ ਬਸਤੇ ਤੇ ਕਿਤਾਬਾਂ ਦਰਮਿਆਨ,
ਆਪ ਅਪਣੇ ਹੱਥੀਂ ਰੱਖਿਆ ਫ਼ਾਸਿਲਾ।

ਗਿਆਨ ਤੇ ਅਗਿਆਨ ਦੇ ਵਿਚਕਾਰ ਅੱਜ,
ਸਾਫ਼ ਕਿੰਨਾ ਹੈ ਝਲਕਦਾ ਫ਼ਾਸਿਲਾ।

•

❑

ਆਪਣੇ ਤੋਂ ਆਪਣੀ ਪਹਿਚਾਣ ਤਕ।
ਤੈਅ ਨਹੀਂ ਹੋਇਆ ਸਫ਼ਰ ਮਰ ਜਾਣ ਤਕ।

ਝੂਠ ਦੇ ਵਸਤਰ ਬਦਲਦਾ ਹੀ ਰਿਹਾ,
ਉਮਰ ਭਰ ਮੈਂ ਸੱਚ ਨੂੰ ਅਪਨਾਣ ਤਕ।

ਕਿੰਨੇ ਸੀਮਿਤ ਦਾਇਰੇ ਹਨ ਸੋਚ ਦੇ,
ਸਿਰਫ਼ ਤੇ ਬਸ ਸਿਰਫ਼ ਜੀਅ ਪਰਚਾਣ ਤਕ।

ਸੰਸਿਆਂ ਦਾ ਘੇਰਾ ਵਧਦਾ ਜਾ ਰਿਹੈ,
ਆ ਗਈ ਨੌਬਤ ਮੇਰੀ ਪਛਤਾਣ ਤਕ।

ਹਰ ਕਿਸੇ ਵਿਚ ਅਕਸ ਉਸਦਾ ਵੇਖਦਾਂ,
ਹੁਣ ਤਾਂ ਅਪਣਾ ਜਾਪਦੈ ਅਨਜਾਣ ਤਕ।

•

❑

ਵੇਖ ਹੁਣ ਕੀ ਕੀ ਵਚਿੱਤਰ ਜਾਪਦੈ।
ਜੋ ਹੈ ਬਾਹਰ ਸਭ ਉਹ ਅੰਦਰ ਜਾਪਦੈ।

ਇਹ ਸਜਾਵਟ ਇਹ ਨੁਮਾਇਸ਼ ਜਿਸਮ ਦੀ,
ਮੈਨੂੰ ਹੁਣ ਇਹ ਸਭ ਅੰਡਬਰ ਜਾਪਦੈ।

ਹੋਸ਼ ਵਿਚਲਾ ਫ਼ਾਸਲਾ ਤੈਅ ਕਰ ਲਿਆ,
ਹੁਣ ਤਾਂ ਇਕ ਕਤਰਾ ਸਮੁੰਦਰ ਜਾਪਦੈ।

ਜੀਅ ਤਾਂ ਚਾਹੁੰਦਾ ਹੈ ਮਗਰ ਆਖਾਂ ਕਿਵੇਂ,
ਆਦਮੀ ਪਹਿਲਾਂ ਤੋਂ ਬਿਹਤਰ ਜਾਪਦੈ।

ਧੁੱਪ ਵੀ ਮੇਰੇ 'ਤੇ ਹੈ ਹੁਣ ਮਿਹਰਬਾਨ,
ਬਦਲਿਆ ਮੇਰਾ ਮੁਕੱਦਰ ਜਾਪਦੈ।

•

❑

ਦੂਰ ਦੂਰ ਤਕ ਇਕ ਖ਼ਲਾ ਹੈ ਨਜ਼ਰਾਂ ਦੇ ਦਿਸਹੱਦੇ ਤਕ।
ਸੰਖ-ਅਸੰਖ ਧੁਨਾਂ ਲਹਿਰਾ ਕੇ ਆ ਰਹੀਆਂ ਨੇ ਮੇਰੇ ਤਕ।

ਅਮਲਤਾਸ ਦਾ ਪੀਲਾ ਚਿਹਰਾ ਗੁਲਮੋਹਰ ਦਾ ਸੂਹਾ ਰੰਗ,
ਰੰਗਾਂ ਦੀ ਮਹਿਫ਼ਿਲ ਸਜਦੀ ਹੈ ਤੜਕੇ ਤੋਂ ਦਿਨ ਢਲਦੇ ਤਕ।

ਪ੍ਰਥਮ-ਮਿਲਣ ਦੀ ਸੰਗ ਜਿਹਾ ਉਹ ਖ਼ਾਹਿਸ਼ ਦੀ ਦਹਿਲੀਜ਼ 'ਤੇ ਆ,
ਰੁਕ ਜਾਂਦਾ ਹੈ, ਮੁੜ ਜਾਂਦਾ ਹੈ ਦਿਲ ਦੇ ਕਿਸੇ ਬਨੇਰੇ ਤਕ।

ਉਸਦੀ ਕਥਾ ਸੁਣਾਵਾਂ ਜਾਂ ਫਿਰ ਅਪਣੀ ਕੋਈ ਬਾਤ ਕਰਾਂ,
ਇਹੋ ਸੋਚਦਾ ਰਹਿੰਦਾ ਤਾਂ ਮੈਂ ਦਿਨ ਭਰ ਸੂਰਜ ਲੰਹਿਦੇ ਤਕ।

ਮੈਂ ਬੇਬਸ ਲਚਾਰ ਰਿਹਾ ਹਾਂ ਪਹਿਲਾਂ ਤੋਂ ਹੀ ਤਾਹਿਓਂ ਤਾਂ,
ਉਸਦਾ ਹੱਥ ਹੁਣ ਆ ਪੁੱਜਾ ਹੈ ਮੇਰੇ ਪਾਟੇ ਕੁੜਤੇ ਤਕ।
•

❑

ਖ਼ਲਾਅ ਵਿਚ ਜੋ ਵੀ ਕੁਝ ਇਹ ਘੁੰਮਦਾ ਹੈ।
ਮੇਰੀ ਹੀ ਜ਼ਾਤ ਦਾ ਕੋਈ ਸਿਰਾ ਹੈ।

ਭਟਕਦਾ ਫਿਰ ਰਿਹੈ ਜੋ ਪਿਆਸ ਲੈ ਕੇ,
ਕਦੀ ਉਹ ਸ਼ਖ਼ਸ ਵੀ ਦਰਿਆ ਰਿਹਾ ਹੈ।

ਤੇਰੇ ਹਿੱਸੇ ਦਾ ਸੂਰਜ ਜਗਮਗਾਏ,
ਮੇਰੇ ਹਿੱਸੇ ਦਾ ਸੂਰਜ ਗ੍ਰਹਣਿਆ ਹੈ।

ਨਹੀਂ ਕੁਛ ਪਾਰਦਰਸ਼ੀ ਆਸੇ-ਪਾਸੇ,
ਨਜ਼ਰ ਦੇ ਸਾਮ੍ਹਣੇ ਜੋ ਫੈਲਿਆ ਹੈ।

ਉਹ ਅਕਸਰ ਖ਼ੁਸ਼ਕ ਘਾਹ ਦੀਆਂ ਪੱਤੀਆਂ 'ਤੇ,
ਪਿਘਲ ਕੇ ਕਤਰਾ-ਕਤਰਾ ਡੁੱਲ੍ਹਿਆ ਹੈ।

ਮੇਰਾ ਆਪਾ, ਨਹੀਂ ਕੁਛ ਯਾਦ, ਸ਼ਾਇਦ,
ਮੇਰੇ ਤੋਂ ਹੀ ਕਿਤੇ ਰੱਖਿਆ ਗਿਆ ਹੈ।

ਇਨ੍ਹਾਂ ਬਦਰੰਗ ਅੱਖਾਂ ਵਿਚ ਅੱਜ ਵੀ,
ਕੋਈ ਰੰਗੀਨ ਸੁਪਨਾ ਜਾਗਦਾ ਹੈ।

ਇਹ ਜਿਸਨੂੰ ਲੋਕੀ ਜੀਵਨ ਆਖਦੇ ਹਨ,
ਇਹ ਘਟਨਾਵਾਂ ਦਾ ਹੀ ਇਕ ਸਿਲਸਿਲਾ ਹੈ।

•

❑

ਜਦ ਕਦੀ ਵੀ ਸਵੈ ਤੋਂ ਮੈਂ ਹੋਇਆ ਜੁਦਾ।
ਹੋਂਦ ਅਪਣੀ 'ਚੋਂ ਹੀ ਮਨਫ਼ੀ ਹੋ ਗਿਆ।

ਕੌਣ ਸੀ ਜੋ ਨ੍ਹੇਰਿਆਂ ਦੇ ਵਿਚ ਵੀ,
ਉਂਗਲੀ ਫੜ ਕੇ ਮੇਰੀ ਤੁਰਦਾ ਰਿਹਾ।

ਉਹ ਤਾਂ ਮੇਰੇ ਆਪਣੇ ਅੰਦਰ ਹੀ ਸੀ,
ਰਾਤ ਦਿਨ ਮੈਂ ਜਿਸਦੀ ਖ਼ਾਤਿਰ ਭਟਕਿਆ।

ਮੇਰੀ ਚਾਹਤ ਨੇ ਵਸਾਇਆ ਸੀ ਜਿਹੜਾ,
ਸ਼ਹਿਰ ਉਹ ਉੱਜੜੇ ਜ਼ਮਾਨਾ ਹੋ ਗਿਆ।

ਘਰ ਦੇ ਆਲੇ ਵਿਚ ਬੈਠਾ ਦੇਰ ਤੋਂ,
ਇਕ ਦੀਵਾ ਹੈ ਕਦੋਂ ਦਾ ਊਂਘਦਾ।
•

❑

ਸੰਗ ਹਵਾਵਾਂ ਦਿਲ ਕਹਿੰਦਾ ਹੈ ਉੱਡਣ ਦੇ।
ਅਪਣੇ ਤੋਂ ਬਾਹਰ ਦੀ ਦੁਨੀਆਂ ਵੇਖਣ ਦੇ।

ਅੰਬਰ ਮੈਨੂੰ 'ਵਾਜਾਂ ਮਾਰ ਬੁਲਾਉਂਦਾ ਹੈ,
ਜੇ ਛੁੱਟਦੀ ਹੈ ਧਰਤੀ ਤਾਂ ਫਿਰ ਛੁੱਟਣ ਦੇ।

ਆਪ ਤਮਾਸ਼ਾ ਬਣ ਕੇ ਥੋੜ੍ਹੀ ਦੇਰ ਲਈ,
ਖੁਲ੍ਹ ਕੇ ਮੈਨੂੰ ਅਪਣੇ ਆਪ 'ਤੇ ਹੱਸਣ ਦੇ।

ਡੱਕਿਆ ਹੈ ਜੋ ਅੰਦਰ ਮੇਰੇ ਮੁੱਦਤ ਤੋਂ,
ਆਖਣ ਦੇ ਮੈਨੂੰ ਉਹ ਸਭ ਹੁਣ ਆਖਣ ਦੇ।

ਅਪਣੀ ਜ਼ਾਤ ਤੋਂ ਬਾਹਰ ਕੀ ਹੈ ਵੇਖਾਂਗਾ,
ਭੇਤ ਅੰਗਮੀ ਸਾਰੇ ਹੁਣ ਤੂੰ ਜਾਨਣ ਦੇ।

•

❑

ਇਹ ਉਹ ਸਵਾਲ ਹਨ ਜੋ ਜਵਾਬਾਂ ਨੂੰ ਭਾਲਦੇ।
ਮਰ ਜਾਣਗੇ ਵਜੂਦ ਨੂੰ ਅਪਣੇ ਖੰਗਾਲਦੇ।

ਤੂੰ ਰੁੱਤ ਏਂ ਬਹਾਰ ਦੀ ਕੋਈ ਕਮਾਲ ਕਰ,
ਜਿੰਨੇ ਵੀ ਰੰਗ ਕੋਲ ਨੇ ਸਾਰੇ ਵਿਖਾਲ ਦੇ।

ਧਰਤੀ 'ਤੇ ਪੈਰ ਰੱਖਦੇ ਆਉਂਦਾ ਹੈ ਭੈਅ ਜਿਹਾ,
ਸੁਪਨੇ ਵੀ ਹੁਣ ਤਾਂ ਆਉਂਦੇ ਨੇ ਹਰ ਦਿਨ ਭੁਚਾਲ ਦੇ।

ਲੰਘਿਆ ਹੈ ਪੌਣ ਬਣ ਕੇ ਜੋ ਨੇੜੇ ਦੀ ਓਸ ਦਾ,
ਐ ਦਿਲ ਮੇਰੇ ਤੂੰ ਉਸਦਾ ਕੋਈ ਪੈਰ-ਚਾਲ ਦੇ।

ਕੁਝ ਪਲ-ਛਿਣਾਂ 'ਚ ਮੱਚ ਕੇ ਬੁਝਣਾ ਹੈ ਅੰਤ ਨੂੰ,
ਨ੍ਹੇਰੇ ਨੂੰ ਆਪਣੀ ਜੋਤ ਦੀ ਕਿਰਨਾਂ ਦਾ ਥਾਲ ਦੇ।

ਅੰਬਰ 'ਤੇ ਕੀ ਅਜਿਹਾ ਨਜ਼ਰ ਆ ਰਿਹੈ ਕਿ ਜੋ,
ਬੱਚੇ ਦੇ ਵਾਂਗ ਲੋਕ ਹਨ ਬਾਹਵਾਂ ਉਛਾਲਦੇ।

ਉਹ ਅੱਗ ਜੋ ਬੁਝੇ ਨਾ ਕਦੀ ਮੇਰੇ ਦੋਸਤਾ,
ਆਪਣੀ ਜਾਂ ਫੇਰ ਮੇਰੀ ਤੂੰ ਅੱਖਾਂ 'ਚ ਬਾਲ ਦੇ।

•

❑

ਅੰਬਰ ਦਾ ਜ਼ਿਕਰ ਦੱਸ ਕੀ ਕਰਨਾ ਹੈ ਛੇੜ ਕੇ।
ਧਰਤੀ ਦੇ ਦੁੱਖ-ਦਰਦ ਮੈਂ ਬੈਠਾਂ ਸਹੇੜ ਕੇ।

ਉਣਦੀ ਹੈ ਬੱਚਿਆਂ ਲਈ ਮਾਂ ਨਵੀਆਂ ਟੋਪੀਆਂ,
ਘਰ ਦੇ ਪੁਰਾਣੇ ਸਾਰੇ ਸਵਾਟਰ ਉਧੇੜ ਕੇ।

ਦਰਦਾਂ ਦਾ ਉਸਦੇ ਕੋਈ ਜੇ ਦਾਰੂ ਮੈਂ ਕਰ ਸਕਾਂ,
ਬੈਠਾ ਹੈ ਅਪਣੇ ਜ਼ਖ਼ਮ ਉਹ ਸਾਰੇ ਉਚੇੜ ਕੇ।

ਸੰਗੀਤ ਜਨਮ ਲੈਂਦਾ ਸੀ ਟਿੰਡਾਂ 'ਚੋਂ ਹਰ ਸਵੇਰ,
ਸਿੰਜਦਾ ਸੀ ਜਦ ਕਿਸਾਨ ਕੋਈ ਖੂਹੀ ਗੇੜ੍ਹ ਕੇ।

ਚਮਕੇਗੀ ਜੁਗਨੂੰ ਵਾਂਗ ਉਹ ਬਿਸਤਰ 'ਤੇ ਰਾਤ ਨੂੰ,
ਦਿਨ ਭਰ ਦੇ ਕੰਮ-ਕਾਰ ਘਰੋਂਗੀ ਨਬੇੜ ਕੇ।

ਫਿਰਦਾ ਹੈ ਅੱਜ ਮਾਰਿਆ ਕਿਸਮਤ ਦਾ ਸ਼ਖ਼ਸ ਜੋ,
ਕੱਲ੍ਹ ਖ਼ੁਸ਼ ਸੀ ਦਰਦ ਸਾਰੇ ਜਹਾਂ ਦੇ ਸਹੇੜ ਕੇ।

•

❑

ਕੌਈ ਤਾਂ ਇਕ ਕੰਮ ਅਜਿਹਾ ਮੈਂ ਕਰ ਸਕਾਂ।
ਜੋ ਰਿਸ ਰਹੇ ਨੇ ਮੈਂ ਉਨ੍ਹਾਂ ਜ਼ਖ਼ਮਾਂ ਨੂੰ ਭਰ ਸਕਾਂ।

ਆਵਾਜ਼ ਦਾ ਸਿਰਾ ਜਾਂ ਕਿਸੇ ਪੈੜ ਦਾ ਨਿਸ਼ਾਨ,
ਕਿਧਰੇ ਤਾਂ ਕੌਈ ਸੁਰਾਗ਼ ਮਿਲੇ ਮੈਂ ਠਹਿਰ ਸਕਾਂ।

ਸੰਜਮ ਦੇ ਨਾਲ ਮਿਲ ਤੂੰ ਮੇਰੇ ਸ਼ੌਕ 'ਤੇ ਨਾ ਜਾ,
ਐਨਾ ਕੁ ਦੂਰ ਰਹਿ ਕਿ ਜੁਦਾਈ ਮੈਂ ਜਰ ਸਕਾਂ।

ਸੂਰਜ ਬਣਾ ਰਿਹਾ ਹਾਂ ਮੈਂ ਖ਼ੁਦ ਅਪਣੇ ਆਪ ਨੂੰ,
ਕਿਰਨਾਂ ਦੇ ਵਾਂਗ ਚਾਰ-ਚੁਫੇਰੇ ਬਿਖਰ ਸਕਾਂ।

ਫਿਰ ਦੇ ਰਿਹਾ ਹਾਂ ਆਪ ਹੁਲਾਰਾ ਮੈਂ ਜੋਸ਼ ਨੂੰ,
ਦਰਿਆ ਜੋ ਸਾਮ੍ਹਣੇ ਹੈ ਮੇਰੇ ਉਸਨੂੰ ਤਰ ਸਕਾਂ।

ਚੜ੍ਹ ਜਾਵਾਂਗਾ ਮੈਂ ਭੀੜ ਦੇ ਮੋਢੇ 'ਤੇ ਉਸ ਤੋਂ ਬਾਅਦ,
ਏਨੀ ਕੁ ਹੀ ਜਗ੍ਹਾ ਜੇ ਮਿਲੇ ਪੈਰ ਧਰ ਸਕਾਂ।
•

❑

ਮੇਰੇ ਚਿਰਾਗ਼ ਨੇ ਬਲਣਾ ਹੈ ਜਾਂ ਕਿ ਬੁਝਣਾ ਹੈ।
ਇਹ ਫ਼ੈਸਲਾ ਵੀ ਤਾਂ ਮੇਰਾ ਨਹੀਂ ਹੈ ਉਸਦਾ ਹੈ।

ਇਹ ਕਤਲਗਾਹ ਦੀ ਰੌਣਕ ਇਹ ਭੀੜ ਲੋਕਾਂ ਦੀ,
ਹੈ ਖ਼ੁਸ਼ਨਸੀਬ ਇਹ ਕਿਹੜਾ ਇਹ ਕਤਲ ਕਿਸਦਾ ਹੈ।

ਕਿਨਾਰੇ ਉੱਤੇ ਖੜ੍ਹੇ ਲੋਕ ਏਨੇ ਚੁੱਪ ਕਿਉਂ ਹਨ,
ਅਜਿਹਾ ਕੌਣ ਸੀ ਆਖ਼ਿਰ ਉਹ ਜਿਹੜਾ ਡੁੱਬਿਆ ਹੈ।

ਲਟਕ ਰਿਹਾ ਹੈ ਜੋ ਨੇਜ਼ੇ ਦੀ ਨੋਕ ਉੱਤੇ ਉਹ,
ਨਸੀਬ ਤੇਰਾ ਨਹੀਂ ਉਹ ਨਸੀਬ ਮੇਰਾ ਹੈ।

ਇਹ ਹੱਕ-ਪਸੰਦ ਸੀ ਜਾਂ ਹੱਕ-ਸ਼ਨਾਸ ਸੀ ਕੋਈ,
ਇਹ ਟੰਗਿਆ ਹੈ ਜੋ ਸੂਲੀ 'ਤੇ ਮੇਰੇ ਵਰਗਾ ਹੈ।

ਖ਼ੁਦ ਅਪਣੇ ਆਪ ਨੂੰ ਡੱਕਿਆ ਹੈ ਕੈਦਖ਼ਾਨੇ ਵਿਚ,
ਉਹ ਕੰਧ ਵਹਿਮ ਦੀ ਉੱਚੀ ਉਸਾਰ ਬੈਠਾ ਹੈ।

ਉਹ ਰੌਸ਼ਨੀ ਦਾ ਕਦੋਂ ਹੋ ਕੇ ਰਹਿ ਸਕੇਗਾ ਕਿ ਜੋ,
ਖ਼ੁਦ ਅਪਣੇ ਰਾਹ ਦੇ ਦੀਵੇ ਬੁਝਾ ਕੇ ਆਇਆ ਹੈ।

•

❑

ਰੋਕ ਕਿਤਾਬਾਂ ਖੁੱਲ੍ਹੀਆਂ ਉੱਤੇ।
ਜਿੰਦਰੇ ਜੀਕਣ ਹੱਟੀਆਂ ਉੱਤੇ।

ਹਰ ਕੋਈ ਅਪਣਾ ਸੁੱਖ-ਦੁੱਖ ਟੰਗੇ,
ਆਪੇ ਗੱਡੀਆਂ ਕਿੱਲੀਆਂ ਉੱਤੇ।

ਮੈਂ ਅਪਣੇ ਹੀ ਮਾਸ ਦੇ ਟੁਕੜੇ,
ਰੱਖ ਰਿਹਾ ਹਾਂ ਕੁੰਡੀਆਂ ਉੱਤੇ।

ਜਾਲ ਹੌਸ਼ ਦਾ ਜੇਕਰ ਹੁੰਦਾ,
ਤਾਂ ਮੈਂ ਸੁੱਟਦਾ ਮੱਛੀਆਂ ਉੱਤੇ।

ਕੌਣ ਹੈ ਜੋ ਹੱਸ ਕੇ ਤੁਰਦਾ ਹੈ,
ਸੂਲਾਂ ਉਹ ਵੀ ਤਿੱਖੀਆਂ ਉੱਤੇ।

ਸੁੱਚਾ ਗੌਟਾ ਲਿਸ਼ਕਾਂ ਮਾਰੇ,
ਬਦਲੌਟੀ ਦੀਆਂ ਕੰਨੀਆਂ ਉੱਤੇ।
•

❑

ਜੁੱਸਾ ਮਲੂਕ, ਸ਼ਹਿਰ ਹੈ ਪੱਥਰ ਦਾ ਸਾਮ੍ਹਣੇ।
ਸਾਬਤ ਕਿਵੇਂ ਰਹਾਂਗਾ ਇਹੋ ਧੜਕਾ ਸਾਮ੍ਹਣੇ।

ਘਬਰਾ ਕੇ ਅਪਣੇ ਆਪ ਦੀ ਇਕ ਲੰਮੀ ਔੜ ਤੋਂ,
ਮੈਂ ਆ ਗਿਆ ਹਾਂ ਰੰਗ, ਘਟਾ, ਦਰਿਆ ਸਾਮ੍ਹਣੇ।

ਕੁਝ ਦੇਰ ਇਸ ਭੁਲੇਖੇ ਨੂੰ ਵੀ ਬਣਿਆ ਰਹਿਣ ਦੇ,
ਹੋਵੇਗਾ ਇਕ ਦਿਨ ਤਾਂ ਸਮਾਂ ਉਜਲਾ ਸਾਮ੍ਹਣੇ।

ਜੋ ਸਿਰ ਉਠਾ ਕੇ ਜੀਣ ਦਾ ਪਰਚਾਰ ਕਰ ਸਕੇ,
ਆਉਂਦਾ ਹੈ ਸਦੀਆਂ ਬਾਅਦ ਕੋਈ ਵਿਰਲਾ ਸਾਮ੍ਹਣੇ।

ਆ ਜਾਏ ਕਿਹੜੇ ਮੋੜ 'ਤੇ ਫਿਰ ਜ਼ਲਜ਼ਲਾ ਕਦੋਂ,
ਰਹਿੰਦਾ ਹੈ ਪਰ ਘੜੀ ਇਹੋ ਇਕ ਖ਼ਦਸ਼ਾ ਸਾਮ੍ਹਣੇ।

ਦੀਵਾਰ ਜਿਸਮ ਦੀ ਇਹ ਮੈਂ ਤੋੜਾਂ ਤਾਂ ਕਿਸ ਤਰ੍ਹਾਂ,
ਆਉਂਦਾ ਨਹੀਂ ਹੈ ਕੋਈ ਨਜ਼ਰ ਰਸਤਾ ਸਾਮ੍ਹਣੇ।

•

❑

ਟੁੱਟਿਆ ਹੈ ਮੇਰੀਆਂ ਸੱਧਰਾਂ 'ਤੇ ਏਨਾ ਕਹਿਰ ਕਿਉਂ ?
ਮੇਰੀ ਕਿਸਮਤ ਦੁਸ਼ਮਨੀ ਕਰਦੀ ਹੈ ਚੱਤੇ ਪਹਿਰ ਕਿਉਂ ?

ਨ੍ਹੇਰਿਆਂ ਵਿਚ ਮੇਰੇ ਆ ਤੂੰ ਲੈ ਕਦੇ ਸੂਰਜ ਦੀ ਜੋਤ,
ਵੇਖ ਆ ਕੇ ਗਰਕਦਾ ਜਾਂਦਾ ਹੈ ਦਿਲ ਦਾ ਸ਼ਹਿਰ ਕਿਉਂ ?

ਉਸਦੇ ਹਿੱਸੇ ਵਿਚ ਹੈ ਅੰਮ੍ਰਿਤ ਹੀ ਅੰਮ੍ਰਿਤ ਮੰਨਿਆ,
ਮੇਰੇ ਹਿੱਸੇ ਵਿਚ ਆਇਆ ਜ਼ਿੰਦਗੀ ਦਾ ਜ਼ਹਿਰ ਕਿਉਂ ?

ਮੌਜ ਵਿਚ ਅਪਣੀ ਹੈ ਜੇਕਰ ਵਹਿ ਰਿਹਾ ਸਾਗਰ ਤਾਂ ਫਿਰ,
ਇਸ ਕਿਨਾਰੇ 'ਤੇ ਨਹੀਂ ਆਉਂਦੀ ਹੈ ਕੋਈ ਲਹਿਰ ਕਿਉਂ ?

ਜਿਹੜੇ ਪਾਸੇ ਜਾਣ ਤੋਂ ਡਰਦਾ ਹੈ ਹਰ ਇਕ ਆਦਮੀ,
ਓਸ ਰਾਹ 'ਤੇ ਤੁਰਦਿਆਂ ਜਾਵਾਂ ਭਲਾ ਮੈਂ ਠਹਿਰ ਕਿਉਂ ?

•

❑

ਹੋਰ ਕੋਈ ਮੇਰੇ ਵਰਗਾ ਮੈਨੂੰ ਦਿੱਸਦਾ ਹੀ ਨਹੀਂ।
ਮੈਂ ਹਾਂ ਉਹ ਪੈਕਰ ਕਿ ਜਿਸਦਾ ਕੋਈ ਚਿਹਰਾ ਹੀ ਨਹੀਂ।

ਟੁੱਟ ਕੇ ਅੰਬਰ ਤੋਂ ਤਾਰੇ ਮੇਰੇ ਤਕ ਆਉਂਦੇ ਰਹੇ,
ਸਾਂਭਦਾ ਉਨ੍ਹਾਂ ਨੂੰ ਮੈਂ ਕੱਲ ਰਾਤ ਸੁੱਤਾ ਹੀ ਨਹੀਂ।

ਇਕ ਭਬੂਕਾ ਅੱਗ ਦਾ ਉੱਠਿਆ ਸੀ ਅੰਦਰੋਂ ਜੋ ਕਦੇ,
ਉਸ ਤਰ੍ਹਾਂ ਦਾ ਅੱਜ ਤੀਕਰ ਮੁੜ ਕੇ ਉੱਠਿਆ ਹੀ ਨਹੀਂ।

ਹੈ ਮੁਹੱਬਤ ਜਾਂ ਜ਼ਰੂਰਤ ਫ਼ੈਸਲਾ ਔਖਾ ਸਹੀ,
ਇਉਂ ਬਿਰਖ 'ਤੇ ਬੇਲ ਵਾਂਗੂੰ ਕੋਈ ਚੜ੍ਹਦਾ ਹੀ ਨਹੀਂ।

ਸ਼ਹਿਰ ਆ ਕੇ ਵਸ ਗਏ ਪਾ ਲਈਆਂ ਨਵੀਆਂ ਕੋਠੀਆਂ,
ਹੁਣ ਦਰਿੰਦਾ ਕੋਈ ਜੰਗਲ ਵਿਚ ਰਹਿੰਦਾ ਹੀ ਨਹੀਂ।

ਅੱਜ ਦੀ ਛੁੱਟੀ ਕਰਾਂ ਮੈਂ ਜੀ ਤਾਂ ਚਾਹੁੰਦਾ ਹੈ ਮਗਰ,
ਕੀ ਕਰਾਂ ਮਜਬੂਰ ਹਾਂ ਪੀਪੇ 'ਚ ਆਟਾ ਹੀ ਨਹੀਂ।

ਮੰਜ਼ਿਲਾਂ ਦੀ ਤਾਂਘ ਲੈ ਕੇ ਮੈਂ ਤਾਂ ਤੁਰਿਆ ਸੀ ਕਦੀ,
ਇੱਕ ਵੀ ਰਸਤਾ ਮੇਰੇ ਪੈਰਾਂ 'ਚ ਵਿਛਿਆ ਹੀ ਨਹੀਂ।

ਇਕ ਅਚੰਭਾ ਬਣ ਕੇ ਹੀ ਉਹ ਰਹਿ ਗਿਆ ਮੇਰੇ ਲਈ,
ਪੱਥਰਾਂ ਦੀ ਮਾਰ ਸਹਿ ਕੇ ਵੀ ਜੋ ਟੁੱਟਿਆ ਹੀ ਨਹੀਂ।

•

❑

ਏਦਾਂ ਵੀ ਕਹਿਰ ਢਾ ਕੇ ਹੈ ਅਕਸਰ ਹਵਾ ਗਈ।
ਸ਼ੀਸ਼ੇ ਦੇ ਘਰ ਨੂੰ ਤੋੜ ਕੇ ਪੱਥਰ ਹਵਾ ਗਈ।

ਅਪਣੀ ਜਗ੍ਹਾ 'ਤੇ ਮੈਂ ਤਾਂ ਇਕੱਲਾ ਖੜ੍ਹਾ ਰਿਹਾ,
ਸਭ ਉਸ ਤਰਫ਼ ਨੂੰ ਤੁਰ ਗਏ ਜਿੱਧਰ ਹਵਾ ਗਈ।

ਜੋ ਬੁਝ ਰਹੇ ਸੀ ਯਾਦ ਦੇ ਸ਼ੋਅਲੇ ਖ਼ੁਦ ਅਪਣੇ ਆਪ,
ਉਨ੍ਹਾਂ ਤੋਂ ਰਾਖ ਝਾੜ ਕੇ ਕਿੱਧਰ ਹਵਾ ਗਈ।

ਦੁਨੀਆਂ ਤੋਂ ਉਹ ਖ਼ਫ਼ਾ ਸੀ ਜਾਂ ਖ਼ੁਦ ਅਪਣੇ ਆਪ ਤੋਂ,
ਕੰਧਾਂ ਦੇ ਨਾਲ ਮਾਰਦੀ ਟੱਕਰ ਹਵਾ ਗਈ।

ਮਹਿਕਾਂ ਜੋ ਲੈ ਕੇ ਆਈ ਸੀ ਬੁੱਕਲ ਦੇ ਵਿਚ ਸਮੇਟ,
ਬਹਿਲਾ ਕੇ ਦਿਲ ਨੂੰ ਮੇਰੇ ਉਹ ਦਿਲਬਰ ਹਵਾ ਗਈ।

ਗੁਲਸ਼ਨ ਨੂੰ ਅਪਣੇ ਹੁਸਨ 'ਤੇ ਕਿੰਨਾ ਗ਼ਰੂਰ ਸੀ,
ਟੁੱਟਿਆ ਗ਼ਰੂਰ, ਮਾਰ ਕੇ ਠੋਕਰ ਹਵਾ ਗਈ।

•

❑

ਇਹ ਵੀ ਸ਼ਾਇਦ ਮੈਨੂੰ ਹੈ ਪਹਿਚਾਣਦਾ।
ਦੁੱਖ ਆਇਆ ਹੋ ਕੇ ਮੇਰੇ ਹਾਣ ਦਾ।

ਬੇਖ਼ਬਰ ਇਸ ਤੋਂ ਕਿ ਗ਼ੈਰਤਮੰਦ ਹਾਂ,
ਮੁੱਲ ਪਾਉਂਦੇ ਨੇ ਉਹ ਮੇਰੇ ਮਾਣ ਦਾ।

ਬੇਹੁਨਰ ਹਾਂ ਕਿਸ ਤਰ੍ਹਾਂ ਜ਼ਾਹਿਰ ਕਰਾਂ,
ਮੈਂ ਹੁਨਰ ਸਿੱਖਿਆ ਨਹੀਂ ਮਰ ਜਾਣ ਦਾ।

ਕੁਝ ਗਿਲਾ ਕੀਤਾ ਨਾ ਸ਼ਿਕਵਾ ਹੀ ਕੋਈ,
ਸੁਆਦ ਕੁਝ ਵੱਖਰਾ ਹੈ ਧੋਖਾ ਖਾਣ ਦਾ।

ਓਸ ਦੇ ਮੁੜ ਆਉਣ ਦੀ ਉਮੀਦ ਰੱਖ,
ਢੰਗ ਇਹ ਚੰਗਾ ਹੈ ਜੀ ਪਰਚਾਣ ਦਾ।

•

❑

ਹੋਂਦ ਅਪਣੀ ਨੂੰ ਗੁਆ ਕੇ ਬਹਿ ਗਿਆ।
ਹਾਇ ਉਸਦੇ ਕੁਝ ਬਨਣ ਦੀ ਲਾਲਸਾ।

ਲਫ਼ਜ਼ ਅੰਦਰ ਸੁਲਘਦੇ ਰਹਿ ਜਾਣਗੇ,
ਅੱਜ ਵੀ ਜੇਕਰ ਕਿਤੇ ਮੈਂ ਚੁੱਪ ਰਿਹਾ।

ਬਹੁੜ ਰੱਬਾ ਮੋੜ ਫਿਰ ਤੋਂ ਜ਼ਿੰਦਗੀ,
ਉਜੜੀਆਂ ਸਭ ਬਸਤਿਆਂ ਫਿਰ ਤੋਂ ਵਸਾ।

ਰਾਤ ਜਿੱਦਾਂ ਦਿਨ ਛੁਪਾ ਲੈਂਦੀ ਏਂ ਤੂੰ,
ਮੈਨੂੰ ਵੀ ਹੁਣ ਕਿੱਧਰੇ ਤੂੰ ਦੇ ਛੁਪਾ।

ਮੁੱਦਤਾਂ ਤੋਂ ਕਾਲੇ ਦਿਨ ਹਾਂ ਵੇਖਦੇ,
ਆ ਵੀ ਜਾ ਹੁਣ ਸੁਰਖ਼ ਦਿਨ ਹੁਣ ਆ ਵੀ ਜਾ।

•

❑

ਅਜਬ ਦੌਰ ਹੈ ਇਹ ਗ਼ਲਤ ਵੀ ਸਹੀ ਹੈ।
ਨਵਾਂ ਹੈ ਜ਼ਮਾਨਾ ਨਵੀਂ ਰੌਸ਼ਨੀ ਹੈ।

ਜ਼ਰਾ ਦੇਰ ਰੁਕ ਜਾ ਜ਼ਰਾ ਕੁ ਠਹਿਰ ਜਾ,
ਅਜੇ ਤਾਂ ਮੇਰੀ ਅੱਖ ਦੇ ਵਿਚ ਨਮੀ ਹੈ।

ਮੁਹੱਬਤ ਹੈ ਈਮਾਨ ਮੇਰਾ ਤਾਂ ਯਾਰੋ,
ਇਹੋ ਹੈ ਇਬਾਦਤ ਇਹੋ ਬੰਦਗੀ ਹੈ।

ਨਾ ਹੀ ਕੋਈ ਰੁਤਬਾ ਨਾ ਪਹਿਚਾਨ ਇਸਦੀ,
ਮੇਰੇ ਵਰਗੀ ਸਾਦਾ ਮੇਰੀ ਸ਼ਾਇਰੀ ਹੈ।

ਮੈਂ ਸਿੱਖਿਆ ਨਹੀਂ ਜਿਉਣ ਦਾ ਢੰਗ ਹੁਣ ਤੱਕ,
ਮੇਰੇ ਵਿਚ ਸ਼ਾਇਦ ਇਹੋ ਇਕ ਕਮੀ ਹੈ।

•

❑

ਵਕਤ ਸਾਨੂੰ ਮੁੱਢ ਤੋਂ ਛਲਦਾ ਰਿਹਾ।
ਸਿਦਕ ਦਾ ਦੀਵਾ ਮਗਰ ਬਲਦਾ ਰਿਹਾ।

ਵਹਿੰਦੇ ਹੋਏ ਪਾਣੀਆਂ ਦੇ ਹੱਥ ਉਹ,
ਖ਼ੁਆਬ ਨੂੰ ਕਿਸ਼ਤੀ ਬਣਾ ਘੱਲਦਾ ਰਿਹਾ।

ਮੰਜ਼ਿਲਾਂ ਨੇ ਰੋਕਿਆ ਮੈਨੂੰ ਬਹੁਤ,
ਮੰਜ਼ਿਲਾਂ ਤੋਂ ਮੈਂ ਅਗਾਂਹ ਚੱਲਦਾ ਰਿਹਾ।

ਕਿੰਨੇ ਸੂਰਜ ਹਮਸਫ਼ਰ ਮੇਰੇ ਬਣੇ,
ਰੋਜ਼ ਇਕ ਚੜ੍ਹਦਾ ਰਿਹਾ ਢਲਦਾ ਰਿਹਾ।

ਕੀ ਸੀ ਉਹ ਜੋ ਆਂਦਰਾਂ ਨੂੰ ਖਾ ਗਿਆ,
ਜੋ ਮੇਰੇ ਅੰਦਰ ਕਿਤੇ ਪਲਦਾ ਰਿਹਾ।

•

❑

ਦੁੱਖ ਸਨ ਜਿੰਨੇ ਉਹ ਸਾਰੇ ਜਰ ਲਏ।
ਮੈਂ ਵੀ ਇਉਂ ਕਾਲੇ ਸਮੁੰਦਰ ਤਰ ਲਏ।

ਬਸ ਜ਼ਰਾ ਸੂਰਜ ਢਲਣ ਦੀ ਦੇਰ ਸੀ,
ਬੌਣਿਆਂ ਨੇ ਕੱਦ ਉੱਚੇ ਕਰ ਲਏ।

ਸੁੱਚੇ ਮੋਤੀ ਨੇ ਜਿਨ੍ਹਾਂ ਦੇ ਨਾਲ ਮੈਂ,
ਕਾਸੇ ਦੋ ਅੱਖਾਂ ਦੇ ਅਪਣੇ ਭਰ ਲਏ।

ਬਰਫ਼ ਬਣ ਕੇ ਜੰਮੇ ਸਨ ਜੋ ਜ਼ਿਹਨ ਵਿਚ,
ਖ਼ਦਸ਼ੇ ਉਹ ਸਾਰੇ ਕਦੋਂ ਦੇ ਖਰ ਲਏ।

ਜਿਨ੍ਹਾਂ ਸਦਕਾ ਸ਼ਹਿਰ ਦੀ ਪਹਿਚਾਣ ਸੀ,
ਲੋਕ ਉਹ ਸਾਰੇ ਕਦੋਂ ਦੇ ਮਰ ਲਏ।

•

❑

ਫ਼ਲਕ 'ਤੇ ਚੰਨ ਵੀ ਜਦ ਊਂਘਦਾ ਸੀ।
ਬਸ ਇਕ ਜੰਗਲ ਹੀ ਸੀ ਜੋ ਜਾਗਦਾ ਸੀ।

ਦਬਾ ਕੇ ਚੁੰਝ ਵਿਚ ਬੱਦਲ ਦਾ ਟੁਕੜਾ,
ਕਿਤੇ ਅੰਬਰ 'ਤੇ ਪੰਛੀ ਉਡ ਰਿਹਾ ਸੀ।

ਨਦੀ ਸੀ ਜੋ ਉਛਾਲੇ ਮਾਰਦੀ ਸੀ,
ਸਮੁੰਦਰ ਚੁੱਪ ਸੀ ਕੁਝ ਸੋਚਦਾ ਸੀ।

ਹਵਾ ਵੀ ਘਾਤ ਲਾ ਕੇ ਤੁਰ ਰਹੀ ਸੀ,
ਲਗਰ 'ਤੇ ਕੋਈ ਪੱਤਾ ਕੰਬਦਾ ਸੀ।

ਨਾ ਸੀ ਆਵਾਜ਼, ਹਰਕਤ ਸੀ ਨਾ ਕੋਈ,
ਉਹ ਕੀ ਸੀ ਜੋ ਹਵਾ ਵਿਚ ਗੂੰਜਦਾ ਸੀ।
•

❑

ਧੁੱਪਾਂ ਦਿੱਤੇ ਜ਼ਖ਼ਮ ਨਾ ਭਰਦੇ।
ਜੇ ਸਿਰ ਬੱਦਲ ਛਾਂਹ ਨਾ ਕਰਦੇ।

ਵੇਖ ਰਿਹਾ ਹਾਂ ਹਰ ਬੰਦੇ ਨੂੰ,
ਅਪਣੀ ਹੀ ਪਰਿਕਰਮਾ ਕਰਦੇ।

ਉਗਮਣ ਲਈ ਅਨੇਕਾਂ ਵਾਰੀ,
ਧਰਤੀ ਦੇ ਵਿਚ ਬੀਜ ਨੇ ਮਰਦੇ।

ਰੇਤਥਲਾਂ ਵਿਚ ਬਿਖਰ ਗਏ ਹਨ,
ਲੋਕੀ ਹਿਮ-ਸ਼ਿਖ਼ਰਾਂ ਤੋਂ ਡਰਦੇ।

ਸੱਭਿਆ ਅੱਖਾਂ ਦੇ ਵਿਚ ਰੜਕਣ,
ਗੰਗਾਜਲ ਵਿਚ ਦੀਵੇ ਤਰਦੇ।

ਆਪਣੇ 'ਤੇ ਵਿਸ਼ਵਾਸ ਜੇ ਹੁੰਦਾ,
ਏਦਾਂ ਜ਼ੁਲਮ ਨਾ ਸਿਰ 'ਤੇ ਜਰਦੇ।

ਨ੍ਹੇਰੇ ਤੋਂ ਮੁੜ ਖ਼ੌਫ਼ ਨਾ ਆਉਂਦਾ,
ਜੇ ਮੱਥੇ 'ਤੇ ਦੀਵੇ ਧਰਦੇ।

ਕਿਸੇ ਦਾ ਉਨ੍ਹਾਂ ਕੀ ਹੋਣਾ ਜੋ,
ਅਪਣੇ ਆਪ ਤੋਂ ਆਪ ਮੁੱਕਰਦੇ।

•

❑

ਰਫ਼ਤਾਰ ਜ਼ਿੰਦਗੀ ਦੀ ਠਹਿਰਦੀ ਚਲੀ ਗਈ।
ਇਕ ਯਾਦ ਹੌਲੀ-ਹੌਲੀ ਵਿਸਰਦੀ ਚਲੀ ਗਈ।

ਰੱਖਿਆ ਸੀ ਇਸਨੂੰ ਸਾਂਭ ਕੇ ਪੂਰੀ ਤਰ੍ਹਾਂ ਦੇ ਨਾਲ,
ਸਾਹਾਂ ਦੀ ਇਹ ਲੜੀ ਕਿ ਬਿਖਰਦੀ ਚਲੀ ਗਈ।

ਹੋਇਆ ਹਾਂ ਬੇਘਰਾ ਮੈਂ ਕਈ ਵਾਰ ਫੇਰ ਵੀ,
ਇਹ ਜ਼ਿੰਦਗੀ ਕਿ ਇਉਂ ਹੀ ਗੁਜ਼ਰਦੀ ਚਲੀ ਗਈ।

ਇਕ ਖ਼੍ਵਾਬ ਸੀ ਕਿ ਜਿਹੜਾ ਬਿਖਰਦਾ ਚਲਾ ਗਿਆ,
ਖ਼ਾਹਿਸ਼ ਸੀ ਇਕ ਜਿਹੜੀ ਕਿ ਮਰਦੀ ਚਲੀ ਗਈ।

ਮੇਰੇ ਉਸੂਲ ਮੇਰੀ ਅਮਾਨਤ ਨਾ ਬਣ ਸਕੇ,
ਹਰ ਆਸ ਵਾਅਦਾ ਕਰਕੇ ਮੁੱਕਰਦੀ ਚਲੀ ਗਈ।

•

❑

ਉਹ ਕਹਿ ਰਹੇ ਨੇ ਕਰ ਲਵਾਂ ਸੌਦਾ ਜ਼ਮੀਰ ਦਾ।
ਇਸ ਤੋਂ ਬਗ਼ੈਰ ਹੋਰ ਕੀ ਮੁੱਲ ਹੈ ਫ਼ਕੀਰ ਦਾ।

ਉਹ ਇਕ ਲਕੀਰ ਸਾਮ੍ਹਣੇ ਜੋ ਵੇਖਦਾ ਹਾਂ ਮੈਂ,
ਕੋਈ ਸਿਰਾ ਮਿਲੇ ਤਾਂ ਫੜਾਂ ਉਸ ਲਕੀਰ ਦਾ।

ਤੇਰੀ ਕਮਾਨ ਨੇ ਤਾਂ ਨਹੀਂ ਖਿੱਚਿਆ ਸੀ ਉਹ,
ਇਕ ਤੀਰ ਮੇਰੇ ਦਿਲ ਨੂੰ ਜੋ ਲੰਘਿਆ ਹੈ ਚੀਰਦਾ।

ਬੂਹਾ ਨਾ ਕੋਈ ਖੁੱਲਿਆ, ਖੁੱਲ੍ਹੀਆਂ ਨਾ ਬਾਰੀਆਂ,
ਇਉਂ ਜਾਪਦਾ ਹੈ ਵਕਤ ਹੈ ਜਿੱਦਾਂ ਅਖ਼ੀਰ ਦਾ।

ਅੱਜ ਰਾਂਝੇ ਅਣਗਿਣਤ ਨੇ ਤੇ ਹੀਰਾਂ ਵੀ ਅਣਗਿਣਤ,
ਕੱਲ੍ਹ ਤੱਕ ਤਾਂ ਸਿਰਫ਼ ਸੁਣਦੇ ਸਾਂ ਇਕ ਕਿੱਸਾ ਹੀਰ ਦਾ।

•

❑

ਮੈਂ ਸੀ ਨੀਰਸ ਵਾਕ ਮੇਰੇ ਦੋਸਤਾ ਸੁਰ ਤਾਲ ਤੂੰ।
ਕਰ ਗਿਐਂ ਮੈਨੂੰ ਮੁਕੰਮਲ ਰਹਿ ਕੇ ਮੇਰੇ ਨਾਲ ਤੂੰ।

ਅੱਜ ਦੀ ਇਹ ਰਾਤ ਮੱਸਿਆ ਦੀ ਭਿਆਨਕ ਰਾਤ ਹੈ,
ਆ ਕਿ ਹੱਥਾਂ ਵਿਚ ਲੈ ਕੇ ਤਾਰਿਆਂ ਦਾ ਥਾਲ ਤੂੰ।

ਨ੍ਹੇਰਿਆਂ ਦਾ ਕੰਮ ਹੈ ਜੋ ਨ੍ਹੇਰਿਆਂ ਨੂੰ ਕਰਣ ਦੇ,
ਜੋ ਬੁਝਾ ਦਿੱਤੇ ਗਏ ਹਨ ਮੁੜ ਤੋਂ ਦੀਵੇ ਬਾਲ ਤੂੰ।

ਜ਼ਿੰਦਗੀ ਸ਼ਤਰੰਜ ਦੀ ਬਾਜ਼ੀ ਹੈ ਮੇਰੇ ਦੋਸਤਾ,
ਸੋਚੇ ਸਮਝੇ ਬਿਨ ਨਾ ਚੱਲੀਂ ਯਾਰ ਕੋਈ ਚਾਲ ਤੂੰ।

ਸੀ ਸੁਹਜ ਬਾਕੀ ਜਿਨ੍ਹਾਂ ਦੀ ਹੋਂਦ ਸਦਕਾ ਦੋਸਤਾ,
ਖੋ ਗਏ ਹਨ ਜੋ ਉਨ੍ਹਾਂ ਦੀਵਾਨਿਆਂ ਨੂੰ ਭਾਲ ਤੂੰ।

ਮਿਲ ਹੀ ਜਾਏਗਾ ਕੋਈ ਨਾਯਾਬ ਮੋਤੀ ਇਕ ਦਿਨ,
ਇਨ੍ਹਾਂ ਡੂੰਘੇ ਸਾਗਰਾਂ ਨੂੰ ਉਮਰ ਭਰ ਖੰਗਾਲ ਤੂੰ।

•

❑

ਧੁਆਂਖੇ ਸੁਪਨਿਆਂ ਦੀ ਗੰਧਲੀ ਤਾਬੀਰ ਦੇ ਵਾਂਗੂੰ।
ਨਜ਼ਰ ਆਉਂਦਾ ਹੈ ਹਰ ਬੰਦਾ ਕਿਸੇ ਤਸਵੀਰ ਦੇ ਵਾਂਗੂੰ।

ਮੁਹੱਬਤ ਨਾਲ ਜਿਸਨੂੰ ਆਪਣੇ ਗਲ ਨਾਲ ਲਾਇਆ ਸੀ,
ਕਲੇਜਾ ਕਰ ਗਿਆ ਛਲਣੀ ਉਹ ਮੇਰਾ ਤੀਰ ਦੇ ਵਾਂਗੂੰ।

ਨਹੀਂ ਲਾਚਾਰ ਜਾਂ ਬੇਬਸ ਕਿਸੇ ਮਜ਼ਲੂਮ ਵਾਂਗੂੰ ਇਹ,
ਮੇਰੀ ਤਹਿਰੀਰ ਦਾ ਹਰ ਲਫ਼ਜ਼ ਹੈ ਸ਼ਮਸ਼ੀਰ ਦੇ ਵਾਂਗੂੰ।

ਨਾ ਛਣਕਣ ਝਾਂਜਰਾਂ ਦੀ ਹੈ ਨਾ ਖਣਕਣ ਚੂੜ੍ਹੀਆਂ ਦੀ ਹੈ,
ਇਹ ਜੋ ਵੀ ਹੈ ਛਣਕਦਾ ਹੈ ਕਿਸੇ ਜ਼ੰਜੀਰ ਦੇ ਵਾਂਗੂੰ।

ਸਮੇਂ ਨੇ ਪਾਟ ਕੇ ਮੈਨੂੰ ਹੈ ਲੀਰੋਂਲੀਰ ਕਰ ਦਿੱਤਾ,
ਭਟਕਦਾ ਫਿਰ ਰਿਹਾ ਹਾਂ ਹੁਣ ਕਿਸੇ ਦਿਲਗੀਰ ਦੇ ਵਾਂਗੂੰ।

ਇਸ਼ਾਰੇ ਤੋਂ ਸਮਝ ਲੈ ਮੇਰੇ ਜ਼ਖ਼ਮੀ ਦਿਲ ਦੀ ਅਰਜੋਈ,
ਨਹੀਂ ਚਾਹੁੰਦਾ ਮੈਂ ਜਾਪੇ ਇਹ ਕਿਸੇ ਤਕਰੀਰ ਦੇ ਵਾਂਗੂੰ।

•

❑

ਇਸ ਅਹਿਦ ਵਿਚ ਵੀ ਜੀ ਰਿਹਾਂ ਹੈਰਤ ਦੀ ਗੱਲ ਹੈ।
ਇਹ ਜ਼ਹਿਰ ਹੱਸ ਕੇ ਪੀ ਰਿਹਾਂ ਹੈਰਤ ਦੀ ਗੱਲ ਹੈ।

ਖ਼ੁਦ ਆਪ ਅਪਣੇ ਹੱਥੀਂ ਜੋ ਕੀਤਾ ਸੀ ਤਾਰ-ਤਾਰ,
ਹੁਣ ਉਹੋ ਦਾਮਨ ਸੀ ਰਿਹਾਂ ਹੈਰਤ ਦੀ ਗੱਲ ਹੈ।

ਭੰਨਤੋੜ ਮੇਰੀ ਹੋਂਦ ਦੀ ਸਾਜ਼ਿਸ਼ ਸੀ ਮੰਨਿਆਂ,
ਮੈਂ ਉਸ 'ਚ ਸ਼ਾਮਿਲ ਵੀ ਰਿਹਾਂ ਹੈਰਤ ਦੀ ਗੱਲ ਹੈ।

ਹੁਣ ਤਾਂ ਮੇਰਾ ਵਜੂਦ ਹੀ ਨ੍ਹੇਰੇ ਦੀ ਪੰਡ ਹੈ,
ਉਂਜ ਮੈਂ ਵੀ ਰੌਸ਼ਨੀ ਰਿਹਾਂ ਹੈਰਤ ਦੀ ਗੱਲ ਹੈ।

ਮੈਂ ਸੋਚਦਾ ਸੀ ਮੰਗਵਾਂ ਚਾਨਣ ਹੈ ਮੇਰੇ ਕੋਲ,
ਮੈਂ ਖ਼ੁਦ ਹੀ ਚਾਨਣੀ ਰਿਹਾਂ ਹੈਰਤ ਦੀ ਗੱਲ ਹੈ।
•

❑

ਮੇਰੇ ਸਾਹਵੇਂ ਪਾਣੀਆਂ ਵਿਚ ਵਹਿ ਗਿਆ।
ਕੀ ਸੀ ਉਹ ਮੈਂ ਸੋਚਦਾ ਹੀ ਰਹਿ ਗਿਆ।

ਸ਼ਬਦ ਹੁਣ ਤੀਕਰ ਨਾ ਜੋ ਕੁਝ ਕਹਿ ਸਕੇ,
ਇਕ ਹੰਝੂ ਓਹੋ ਸਭ ਕੁਝ ਕਹਿ ਗਿਆ।

ਉਸ ਬਿਰਖ ਦੀ ਆਪਬੀਤੀ ਵੀ ਸੁਣੋ,
ਪੱਤਝੜਾਂ ਦਾ ਕਹਿਰ ਕਿੱਦਾਂ ਸਹਿ ਗਿਆ।

ਪਹਿਲੀ ਠੋਕਰ ਲਗਦਿਆਂ ਹੀ ਦਿਲ ਮੇਰਾ,
ਡਿਗਦੀ ਹੋਈ ਕੰਧ ਵਾਂਗੂੰ ਢਹਿ ਗਿਆ।

ਤੁਰ ਗਿਆ ਦੇ ਕੇ ਦਿਲਾਸਾ ਹਰ ਕੋਈ,
ਮੈਂ ਇਕੱਲਾ ਸਾਂ ਇਕੱਲਾ ਰਹਿ ਗਿਆ।

•

❑

ਮੁਜਰਿਮ ਹਾਂ, ਆਪ ਅਪਣੀ ਹੀ ਕੋਈ ਸਜ਼ਾ ਹਾਂ ਮੈਂ।
ਰੰਗੀਨ ਸੁਪਨਿਆਂ ਦੀ ਸੁਲਗਦੀ ਚਿਤਾ ਹਾਂ ਮੈਂ।

ਧਰਤੀ ਦੀ ਅੱਗ ਅਪਣੇ ਪਰਾਂ ਵਿਚ ਸਮੇਟ ਕੇ,
ਬਲਦੇ ਥਲਾਂ ਤੋਂ ਹੋ ਕੇ ਗੁਜ਼ਰਦੀ ਹਵਾ ਹਾਂ ਮੈਂ।

ਮੇਰੇ 'ਚੋਂ ਦਿਨ ਚੜ੍ਹੇ ਤੇ ਮੇਰੇ ਵਿਚ ਆ ਢਲੇ,
ਪੂਰਬ ਕਦੀ ਮੈਂ ਹਾਂ ਕਦੀ ਪੱਛਮ ਦਿਸ਼ਾ ਹਾਂ ਮੈਂ।

ਖਿੱਲਰੇ ਇਹ ਥਾਂ-ਕੁਥਾਂ ਜਿਹੜੇ ਵਰਕੇ ਨੇ ਦਿੱਸਦੇ,
ਪਾਟੀ ਉਸੇ ਕਿਤਾਬ ਦਾ ਅੰਤਮ ਸਫ਼ਾ ਹਾਂ ਮੈਂ।

ਘਰ ਵੇਖਦਾ ਹੈ ਮੈਨੂੰ ਕਿਸੇ ਅਜਨਬੀ ਦੇ ਵਾਂਗ,
ਲੰਮੇ ਸਫ਼ਰ ਤੋਂ ਬਾਅਦ ਅਜੇ ਪਰਤਿਆਂ ਹਾਂ ਮੈਂ।

ਕਿਸਮਤ ਜੋ ਲੀਰੋ-ਲੀਰ ਹੈ ਉਸਨੂੰ ਸਿਊਣ ਦੀ,
ਮੈਨੂੰ ਨਹੀਂ ਹੈ ਜਾਚ ਕੋਈ ਜਾਣਦਾ ਹਾਂ ਮੈਂ।

ਮੁੜਿਆ ਨਹੀਂ ਹਾਂ ਜੰਗ ਦੇ ਖ਼ੂਨੀ ਮੁਹਾਜ਼ ਤੋਂ,
ਸਰਕਾਰੀ ਕਾਗ਼ਜ਼ਾਂ 'ਚ ਪਿਆ ਲਾ-ਪਤਾ ਹਾਂ ਮੈਂ।

ਸ਼ੀਸ਼ੇ 'ਚ ਦਿਸਦਾ ਮੇਰੇ ਜਿਹਾ ਹੋਰ ਕੌਣ ਹੈ,
ਅਪਣੇ ਹੀ ਪ੍ਰੇਤ ਹੋਣ ਦਾ ਇਕ ਤੌਖਲਾ ਹਾਂ ਮੈਂ।

•

❑

ਕਿਤੇ ਸੁਰ-ਸਾਜ਼ ਦੀ ਮਹਿਫ਼ਿਲ ਕਿਤੇ ਮਾਤਮ ਤਬਾਹੀ ਦਾ।
ਕਿਤੇ ਹੈ ਜ਼ਿਕਰ ਰੰਗਾਂ ਦਾ ਕਿਤੇ ਚਰਚਾ ਸਿਯਾਹੀ ਦਾ।

ਹੈ ਏਨਾ ਫ਼ਰਕ ਮੇਰੇ ਸ਼ਹਿਰ ਵਿਚ ਰੋਟੀ ਨਹੀਂ ਜੁੜਦੀ,
ਤੇਰੇ ਇਸ ਸ਼ਹਿਰ ਅੰਦਰ ਦੌਰ ਚਲਦਾ ਹੈ ਸੁਰਾਹੀ ਦਾ।

ਇਹ ਪੁਰਖਾਂ ਦੀ ਹਵੇਲੀ ਸੀ ਗਿਰਾ ਦਿੱਤਾ ਗਿਆ ਜਿਸਨੂੰ,
ਕਦੇ ਅਪਣੀ ਵਿਰਾਸਤ ਨੂੰ ਨਹੀਂ ਖ਼ੁਦ ਆਪ ਢਾਹੀਦਾ।

ਪਤਾ ਨੀ ਚੰਦਰੇ ਕੋਠੇ ਜਿਹੇ ਕਦ ਆ ਕੇ ਬਹਿ ਜਾਵਣ,
ਕਿਸੇ ਵੀਰਾਨ ਥਾਂ 'ਤੇ ਸ਼ਹਿਰ ਦਾ ਨਕਸ਼ਾ ਨੀ ਵਾਹੀਦਾ।

ਤੇਰੀ ਇਸ ਬਾਦਸ਼ਾਹਤ ਨੂੰ ਫ਼ਕੀਰੀ ਕੀ ਸਮਝਦੀ ਹੈ,
ਭਰਮ ਬਣਿਆ ਰਹੇ ਚੰਗਾ ਹੈ ਤੇਰੀ ਬਾਦਸ਼ਾਹੀ ਦਾ।

ਹਕੂਮਤ ਥਰਥਰਾਂਦੀ ਹੈ ਤੇ ਹਾਕਮ ਲਰਜ਼ ਜਾਂਦੇ ਨੇ,
ਇਹੋ ਅੰਜਾਮ ਹੁੰਦਾ ਹੈ ਕੁਝ ਆਖਣ ਦੀ ਮਨਾਹੀ ਦਾ।

ਨਜ਼ਰ ਵਿਚ ਮੈਲ ਹੈ ਤੇ ਦਿਲ ਦੇ ਅੰਦਰ ਫ਼ਰਕ ਹੈ ਉਸਦੇ,
ਕਿਵੇਂ ਇਤਬਾਰ ਆਏ ਉਸਨੂੰ ਮੇਰੀ ਬੇਗੁਨਾਹੀ ਦਾ।

•

❑

ਅੱਜ ਦੇ ਅਖ਼ਬਾਰ ਅੰਦਰ ਲੇਖ ਉਸਦਾ ਛਪਿਆ ਹੈ।
ਕੀ ਅਜੇ ਉਹ ਜਿਉਂਦਾ ਹੈ ਕੀ ਅਜੇ ਵੀ ਲਿਖਦਾ ਹੈ।

ਕੌਣ ਹੈ ਉਹ ਆਖ਼ਰ ਨੂੰ ਪੁੱਛੋ ਜਾ ਕੇ ਉਸਨੂੰ ਇਹ,
ਕਿਹੜਾ ਦੁੱਖ ਹੈ ਉਸਨੂੰ ਖੁਲ੍ਹ ਕੇ ਜੋ ਹੱਸਦਾ ਹੈ।

ਦੂਰ ਜਾ ਕੇ ਮੈਥੋਂ ਉਹ ਦੂਰ ਹੋ ਨਹੀਂ ਸਕਿਆ,
ਅੱਜ ਵੀ ਮੈਂ ਉਸਦਾ ਹਾਂ ਅੱਜ ਵੀ ਉਹ ਮੇਰਾ ਹੈ।

ਜਿਹੜੇ ਦਰ ਤੋਂ ਉੱਠਿਆ ਸੀ ਓਸੇ ਦਰ 'ਤੇ ਆ ਬੈਠਾ,
ਖੌਰੇ ਕਿਹੜੀ ਗੱਲੋਂ ਉਹ ਫਿਰ ਤੋਂ ਪਰਤ ਆਇਆ ਹੈ।

ਚਾਰਾਸਾਜ਼ ਤੇਰੇ ਤੋਂ ਕੀ ਉਮੀਦ ਰੱਖਾਂ ਮੈਂ,
ਦਰਦ ਤਾਂ ਬਹਾਨਾ ਹੈ ਮਰਨ ਦਾ ਇਰਾਦਾ ਹੈ।

ਸਮਝ ਹੀ ਨਹੀਂ ਇਸਦੀ ਜਾਚ ਹੀ ਨਹੀਂ ਕੋਈ,
ਕੌਣ ਹੁਣ ਪਰਾਇਆ ਹੈ ਕੌਣ ਮੇਰਾ ਅਪਣਾ ਹੈ।

•

❑

ਉਹਨੇ ਪਿੱਛੋਂ ਵਾਜ ਨਾ ਮਾਰੀ ਨਾਹੀਂ ਮੈਂ ਕਿਧਰੇ ਰੁਕਿਆ।
ਇਕ-ਇਕ ਪਲ ਉਸ ਵੇਲੇ ਮੇਰਾ ਸਦੀ ਬਰਾਬਰ ਲੰਘਿਆ।

ਜਿਹਨਾਂ ਬੂਹਿਆਂ ਉੱਤੇ ਮੇਰੀਆਂ ਨਜ਼ਰਾਂ ਦੀਵੇ ਬਾਲੇ,
ਉਹਨਾਂ ਬੂਹਿਆਂ ਨੂੰ ਹੀ ਦਿਲ ਦਾ ਭੇਤ ਮੈਂ ਦੱਸ ਨਾ ਸਕਿਆ।

ਖ਼ੁਸ਼ੀਆਂ ਵਾਲੇ ਰੰਗ ਸੀ ਕੱਚੇ ਚੜ੍ਹਦੇ ਸਾਰ ਸੀ ਲੱਥੇ,
ਦੁੱਖਾਂ ਵਾਲਾ ਰੰਗ ਅਜਿਹਾ ਚੜ੍ਹਿਆ ਮੁੜ ਨਹੀਂ ਖੁਰਿਆ।

ਸਿਦਕ ਦਾ ਚਿਹਰਾ ਲਿਸ਼ਕਾਂ ਮਾਰੇ ਗਿੱਠ-ਗਿੱਠ ਲਾਲੀ ਛਾਈ,
ਵੇਖੋ ਜਾ ਕੇ ਸੂਲੀ ਉੱਤੇ ਕੌਣ ਮਸੀਹਾ ਚੜ੍ਹਿਆ।

ਭੰਵਰ ਸੀ ਕੋਈ ਚਿੰਤਾ ਦਾ ਉਹ ਜਾਂ ਦੁੱਖਾਂ ਦਾ ਧੂੰਆਂ,
ਕੀ ਸੀ ਉਹ ਜੋ ਨਜ਼ਰਾਂ ਸਾਹਵੇਂ ਬਣ-ਬਣ ਦਾਇਰਾ ਉੱਡਿਆ।

ਕੀ ਹੈ ਜੋ ਮੇਰੇ ਸ਼ਿਅਰਾਂ ਵਿਚ ਬਿਜਲੀ ਵਾਂਗੂੰ ਚਮਕੇ,
ਕੀ ਹੈ ਉਹ ਜੋ ਏਨਾਂ ਅੰਦਰ ਹਾਲੇ ਤੀਕ ਹੈ ਲੁਕਿਆ।

•

❑

ਗੁੰਮਸੁਮ ਹੈ ਮੇਰੇ ਵਾਂਗ ਹੀ ਧੁੱਪ ਇਹ ਸਿਆਲ ਦੀ।
ਤਸਵੀਰ ਬਣ ਗਈ ਹੈ ਜਿਵੇਂ ਮੇਰੇ ਹਾਲ ਦੀ।

ਚਿਹਰੇ 'ਤੇ ਉਸਦੇ ਪੜ੍ਹ ਲਿਆ ਹਰ ਇਕ ਜਵਾਬ ਮੈਂ,
ਹੁਣ ਲੋੜ ਹੀ ਨਹੀਂ ਹੈ ਕਿਸੇ ਵੀ ਸਵਾਲ ਦੀ।

ਇਸਦਾ ਨਹੀਂ ਹੈ ਡਰ ਕਿ ਹੈ ਤੂਫ਼ਾਨ ਸਾਹਮਣੇ,
ਚਿੰਤਾ ਹੈ ਮੈਨੂੰ ਆਪਣੇ ਦਿਲ ਦੇ ਉਬਾਲ ਦੀ।

ਚਰਚਾ ਨਾ ਹੁੰਦੀ ਇਸ ਤਰ੍ਹਾਂ ਕੁਝ ਮੇਰੇ ਉਤਾਰ ਦੀ,
ਮੈਨੂੰ ਵੀ ਜ਼ਿੰਦਗੀ ਮੇਰੀ ਜੇਕਰ ਸੰਭਾਲਦੀ।

ਨੱਚਿਆ ਸੀ ਮਸਤ ਹੋ ਕੇ ਕਦੇ ਸੂਫ਼ੀ ਵਾਂਗ ਉਹ,
ਹੁੰਦੀ ਹੈ ਗੱਲ ਅੱਜ ਤਕ ਉਸਦੇ ਧਮਾਲ ਦੀ।

ਫਿਰ ਉਸ ਤੋਂ ਬਾਅਦ ਅੱਗ ਨੇ ਅੰਬਰ ਨੂੰ ਛੋ ਲਿਆ,
ਬਸ ਦੇਰ ਸੀ ਹਵਾ ਦੇ ਜ਼ਰਾ ਕੁ ਕਮਾਲ ਦੀ।

•

❑

ਦੀਵੇ ਕੁਝ ਏਦਾਂ ਬੁਝਾ ਦਿੱਤੇ ਗਏ।
ਨੇਜ਼ਿਆਂ ਉੱਤੇ ਸੂਲ੍ਹਾ ਦਿੱਤੇ ਗਏ।

ਹੋ ਗਈ ਖੰਡਤ ਇਬਾਰਤ ਪਿਆਰ ਦੀ,
ਲਫ਼ਜ਼ ਲਿਖ ਲਿਖ ਕੇ ਮਿਟਾ ਦਿੱਤੇ ਗਏ।

ਸ਼ਹਿਰ ਦੀ ਹਰ ਕੰਧ 'ਤੋਂ ਸਭ ਇਸ਼ਤਿਹਾਰ,
ਜਦ ਜ਼ਰਾ ਬੋਲੇ ਹਟਾ ਦਿੱਤੇ ਗਏ।

ਫ਼ੈਸਲੇ ਜੋ ਹੁਕਮਰਾਨਾਂ ਨੇ ਲਏ,
ਮੁਨਸਿਫ਼ਾਂ ਰਾਹੀਂ ਸੁਣਾ ਦਿੱਤੇ ਗਏ।

ਇਸ ਤਰ੍ਹਾਂ ਸ਼ਹਿਰੀਕਰਣ ਕੀਤਾ ਗਿਆ,
ਪਿੰਡ ਨਕਸ਼ੇ ਤੋਂ ਮਿਟਾ ਦਿੱਤੇ ਗਏ।

•

❑

ਘੋਰ ਹਨ੍ਹੇਰੇ ਦਾ ਮੈਂ ਸਾਗਰ ਤਰਦਾ ਹਾਂ।
ਚਾਨਣ ਦੇ ਪਰਛਾਵੇਂ ਤੋਂ ਵੀ ਡਰਦਾ ਹਾਂ।

ਆਪਣੀ ਨਾਕਾਮੀ 'ਤੇ ਖ਼ੁਦ ਸ਼ਰਮਿੰਦਾ ਹਾਂ,
ਜਿੱਤੀ ਹੋਈ ਬਾਜ਼ੀ ਅੰਤ ਨੂੰ ਹਰਦਾ ਹਾਂ।

ਬੀਤੇ ਦੀਆਂ ਯਾਦਾਂ ਦੇ ਵਗਦੇ ਦਰਿਆ ਤੋਂ,
ਤ੍ਰਿਹਾਇਆ ਪਾਣੀ ਦਾ ਇਕ ਬੁੱਕ ਭਰਦਾ ਹਾਂ।

ਡਾਰਾਂ ਬੰਨ ਬੰਨ ਦੁੱਖ ਨੇ ਆਉਂਦੇ ਮੇਰੇ ਤਕ,
ਮੇਰਾ ਹੀ ਜੇਰਾ ਹੈ ਜੋ ਮੈਂ ਜਰਦਾ ਹਾਂ।

ਆਵਾਗੌਣ ਦਾ ਚੱਕਰ ਕੀ ਹੈ ਕੀ ਜਾਣਾਂ,
ਯੁੱਗਾਂ-ਯੁਗਾਂ ਤੋਂ ਜੰਮਦਾ ਹਾਂ ਫਿਰ ਮਰਦਾਂ ਹਾਂ।

ਮੇਰਾ ਦਿਲ ਹੀ ਹੁਣ ਤਾਂ ਮੇਰਾ ਆਪਣਾ ਹੈ,
ਉਹ ਜੋ ਕਹਿੰਦਾ ਹੈ ਮੈਂ ਓਹੋ ਕਰਦਾ ਹਾਂ।

•

❑

ਇਹ ਮੈਂ ਸੀ ਤੇ ਮੇਰਾ ਹੀ ਹੌਸਲਾ ਸੀ।
ਜੋ ਮੱਚਦੀ ਰਾਹ ਉੱਤੇ ਚਲ ਰਿਹਾ ਸੀ।

ਮੈਂ ਬਣ ਕੇ ਢਾਲ ਕਿਉਂ ਅੱਗੇ ਨਾ ਆਉਂਦਾ,
ਮੇਰੀ ਅਪਣੀ ਅਨਾ ਦਾ ਮਸਅਲਾ ਸੀ।

ਨਜ਼ਰ ਤੋਂ ਦੂਰ ਉਹ ਭਾਵੇਂ ਨਹੀਂ ਸੀ,
ਮਗਰ ਵਿਚਕਾਰ ਕਿੰਨਾ ਫ਼ਾਸਿਲਾ ਸੀ।

ਗੁਆ ਬੈਠਾ ਸੀ ਅਪਣਾ ਆਪ ਕਿਧਰੇ,
ਮੈਂ ਅਪਣੇ ਆਪ ਨੂੰ ਹੀ ਭਾਲਦਾ ਸੀ।

ਜੋ ਅੱਜ ਲਾਚਾਰ ਬਣ ਕੇ ਜੀ ਰਿਹਾ ਹੈ,
ਕਦੇ ਉਸਦਾ ਵੀ ਪੂਰਾ ਦਬਦਬਾ ਸੀ।

ਜੋ ਕਣੀਆਂ ਵੰਡ ਕੇ ਗੁੰਮ ਹੋ ਗਿਆ ਹੈ,
ਸੀ ਆਖ਼ਿਰ ਕੌਣ ਜੋ ਬੱਦਲ ਜਿਹਾ ਸੀ।

ਹੋਈ ਜਦ ਸੋਚ ਅੰਦਰ ਫੜਫੜਾਹਟ,
ਮੈਂ ਇਕ ਪਲ ਦੇ ਲਈ ਤਾਂ ਝੁਭਕਿਆ ਸੀ।

ਧੜਕਦਾ ਹੈ ਜੋ ਦਿਲ ਹੋਰਾਂ ਦੀ ਖ਼ਾਤਿਰ,
ਕਦੇ ਉਹ ਮੇਰੀ ਖ਼ਾਤਿਰ ਧੜਕਦਾ ਸੀ।

•

❑

ਖ਼ੂਨ ਵਿਚ ਵਸਦਾ ਰਹੇਗਾ ਦੇਰ ਤਕ।
ਇਹ ਵਿਸ਼ਾ ਭਖ਼ਦਾ ਰਹੇਗਾ ਦੇਰ ਤਕ।

ਧੁੱਪ ਨੇ ਤਾਂ ਬਖ਼ਸ਼ ਦਿੱਤਾ ਓਸ ਨੂੰ,
ਛਾਂ ਦੇ ਵਿਚ ਸੜਦਾ ਰਹੇਗਾ ਦੇਰ ਤਕ।

ਅੱਖ ਦੀ ਜੋ ਕੋਰ ਉੱਤੇ ਰੁਕ ਗਿਆ,
ਹੰਝ ਉਹ ਰਿਸਦਾ ਰਹੇਗਾ ਦੇਰ ਤਕ।

ਸ਼ਬਦ ਬੇਮਾਨੀ ਜਦੋਂ ਹੋ ਜਾਣਗੇ,
ਚੁੱਪ ਉਹ ਬੈਠਾ ਰਹੇਗਾ ਦੇਰ ਤਕ।

ਸਬਜ਼ ਰੁੱਤ ਦਾ ਆਖ਼ਿਰੀ ਪੱਤਾ ਹੈ ਉਹ,
ਇਸ ਲਈ ਸਾਵਾ ਰਹੇਗਾ ਦੇਰ ਤਕ।
•

❑

ਇਹ ਮੇਰਾ ਸੰਕਲਪ ਸੀ ਨਹੀਂ ਤਿੜਕਿਆ।
ਤਲਖ਼ੀਆਂ ਨੇ ਜ਼ੋਰ ਪੂਰਾ ਲਾ ਲਿਆ।

ਲੜ ਰਿਹਾਂ ਹਾਂ ਆਪਣੇ ਹੀ ਅਕਸ ਨਾਲ,
ਸਾਮ੍ਹਣੇ ਸ਼ੀਸ਼ੇ ਦੇ ਕਿਉਂ ਮੈਂ ਆ ਗਿਆ।

ਆਈਨੇ ਬਣਦੇ ਗਏ ਟੁੱਟਦੇ ਗਏ,
ਹਰ ਨਵੇਂ ਯੁੱਗ ਨੇ ਕੁਛ ਐਸਾ ਸਿਰਜਿਆ।

ਸੱਟ ਇਕ ਵੀ ਸਹਿ ਨਾ ਹੋਈ ਓਸ ਤੋਂ,
ਕੱਚ ਦਾ ਸੀ ਉਹ ਬਦਨ ਜੋ ਟੁੱਟਿਆ।

ਕੈਦ ਹਨ ਜਿਲਦਾਂ ਦੇ ਅੰਦਰ ਸ਼ਬਦ ਜੋ,
ਉਨ੍ਹਾਂ ਨੂੰ ਉੱਡਦੇ ਵੀ ਮੈਂ ਹੈ ਵੇਖਿਆ।

ਕੋਈ ਮਰਯਾਦਾ ਨਾ ਸੰਜਮ ਹੀ ਰਿਹਾ,
ਆਦਮੀ ਨੂੰ ਰੋਗ ਕੈਸਾ ਲੱਗਿਆ।

•

❑

ਹਰ ਬਾਰ ਜਦ ਵੀ ਆਇਆ ਉਹ ਸੋਗਵਾਰ ਆਇਆ।
ਮਹਿਫ਼ਿਲ ਦੇ ਵਿਚ ਭਾਵੇਂ ਉਹ ਬਾਰ-ਬਾਰ ਆਇਆ।

ਸੂਰਜ ਹੈ ਕੋਈ ਜਾਂ ਫਿਰ ਤੇਰਾ ਖ਼ਿਆਲ ਹੈ ਇਹ,
ਰਿਸ਼ਮਾਂ ਦੇ ਮੋਢਿਆਂ 'ਤੇ ਹੋ ਕੇ ਸਵਾਰ ਆਇਆ।

ਮੇਰੇ ਹੀ ਦਿਲ ਨੇ ਮੈਨੂੰ ਹਰ ਬਾਰ ਸੇਧ ਦਿੱਤੀ,
ਮੁੜ ਜਾਣ ਦਾ ਜਦੋਂ ਵੀ ਮੈਨੂੰ ਵਿਚਾਰ ਆਇਆ।

ਸ਼ਿਕਵਾ ਨਹੀਂ ਕਿਸੇ 'ਤੇ ਨਾ ਹੀ ਗਿਲਾ ਹੈ ਕੋਈ,
ਮੈਂ ਜਿੱਤੀ ਹੋਈ ਬਾਜ਼ੀ ਖ਼ੁਦ ਆਪ ਹਾਰ ਆਇਆ।

ਕਦੇ ਬੇਵਫ਼ਾ ਸਮਝ ਕੇ ਮੈਥੋਂ ਬਣਾਈ ਦੂਰੀ,
ਮੇਰੇ 'ਤੇ ਜ਼ਿੰਦਗੀ ਨੂੰ ਕਦੇ ਏਤਬਾਰ ਆਇਆ।

ਦਰਿਆ ਇਹ ਜ਼ਿੰਦਗੀ ਦਾ ਅਜੀਬ ਹੈ ਇਹ ਦਰਿਆ,
ਨਾ ਕਦੇ ਉਭਾਰ ਆਇਆ ਨਾ ਕਦੇ ਉਤਾਰ ਆਇਆ।

•

❑

ਹੱਥ ਬਿਆਈਆਂ ਪੈਰੀਂ ਛਾਲੇ।
ਮਿਹਨਤ ਨੇ ਸੌ ਦੀਵੇ ਬਾਲੇ।

ਦੀਵਾਨੇ ਤਾਂ ਦੀਵਾਨੇ ਨੇ,
ਸੌਦਾਈ ਹਨ ਅਕਲਾਂ ਵਾਲੇ।

ਨ੍ਹੇਰ ਹੀ ਨ੍ਹੇਰ ਹੈ ਜਿੱਧਰ ਵੇਖਾਂ,
ਚੌਹੀਂ ਪਾਸੇ ਆਲੇ ਦੁਆਲੇ।

ਸ਼ਹਿਰ ਨੂੰ ਕੈਸਾ ਗ੍ਰਹਿਣ ਹੈ ਲੱਗਾ,
ਰਾਤਾਂ ਰੌਸ਼ਨ ਦਿਨ ਨੇ ਕਾਲੇ।

ਦਿਲ ਦੀਆਂ ਗੱਲਾਂ ਦਿਲ ਹੀ ਜਾਨਣ,
ਜਾਂ ਫਿਰ ਜਾਨਣ ਕੁਝ ਮਤਵਾਲੇ।

•

❑

ਏਦਾਂ ਝੁੱਲੇ ਝੱਖੜ ਸਿਰ 'ਤੇ ਦੁੱਖਾਂ ਦੇ।
ਇਕ ਇਕ ਕਰਕੇ ਝੜ ਗਏ ਪੱਤਰ ਰੁੱਖਾਂ ਦੇ।

ਵਿਕ ਜਾਂਦੇ ਨੇ ਮੰਡੀ ਦੇ ਵਿਚ ਜਾ ਕੇ ਆਪ,
ਦਿਨ ਚੜ੍ਹਦੇ ਨੂੰ ਲੋਕੀਂ ਮਾਰੇ ਭੁੱਖਾਂ ਦੇ।

ਕਿਸਦੇ ਵਿੱਚੋਂ ਅਕਸ ਮੈਂ ਅਪਣਾ ਲੱਭਾਂ ਹੁਣ,
ਧੁੰਧਲੇ ਪੈ ਗਏ ਸਾਰੇ ਸ਼ੀਸ਼ੇ ਮੁੱਖਾਂ ਦੇ।

ਇਸਮਤ ਦੌਲਤ ਦੇ ਹੱਥੀਂ ਵਿਕ ਜਾਂਦੀ ਹੈ,
ਸੌਦੇ ਹੋ ਜਾਂਦੇ ਨੇ ਏਥੇ ਕੁੱਖਾਂ ਦੇ।

ਦੁੱਖਾਂ ਦੇ ਮੌਸਮ ਹੀ ਅਕਸਰ ਰਹਿੰਦੇ ਨੇ,
ਕਦੀ ਕਦਾਈਂ ਆਉਂਦੇ ਮੌਸਮ ਸੁੱਖਾਂ ਦੇ।

•

❑

ਦੇਰ ਤੋਂ ਕੱਲਾ ਭਟਕਦਾ ਫਿਰ ਰਿਹਾਂ।
ਜਿਉਣ ਦੇ ਅਰਥਾਂ ਨੂੰ ਲੱਭਦਾ ਫਿਰ ਰਿਹਾਂ।

ਨਕਸ਼ ਜੋ ਸਨ ਕੀਤੀਆਂ ਪੈੜਾਂ ਕਦੀ,
ਅੱਜ ਉਨ੍ਹਾਂ ਨੂੰ ਮਿਟਾਉਂਦਾ ਫਿਰ ਰਿਹਾਂ।

ਮੈਂ ਤਾਂ ਹਾਂ ਧੁਖਦੇ ਪਲਾਂ ਦੀ ਦਾਸਤਾਂ,
ਅਪਣੇ ਅੰਦਰ ਹੀ ਸੁਲਗਦਾ ਫਿਰ ਰਿਹਾਂ।

ਜਿਨ੍ਹਾਂ ਰਾਹਾਂ 'ਤੇ ਤੁਰੇ ਸੀ ਨਾਲ-ਨਾਲ,
ਉਨ੍ਹਾਂ ਰਾਹਾਂ 'ਤੇ ਮੈਂ ਤਨਹਾ ਫਿਰ ਰਿਹਾਂ।

ਭੀੜ ਵਿਚ ਜੋ ਖੋ ਗਿਆ ਕਿਧਰੇ 'ਸ਼ਸ਼ੀ',
ਭਾਲਦਾ ਉਹ ਅਪਣਾ ਸਾਇਆ ਫਿਰ ਰਿਹਾਂ।

•

❑

ਬੇਵਜ੍ਹਾ ਦਿਲ ਨੂੰ ਇਵੇਂ ਭਰਿਆ ਨਾ ਕਰ।
ਨਿੱਕੀ ਨਿੱਕੀ ਗੱਲ 'ਤੇ ਰੋਇਆ ਨਾ ਕਰ।

ਕਲਪਨਾ ਦੇ ਖੰਭ ਲਾ ਕੇ ਦੇਰ ਤਕ,
ਪੰਛੀਆਂ ਦੇ ਵਾਂਗ ਤੂੰ ਉਡਿਆ ਨਾ ਕਰ।

ਕਿਸ ਦੀ ਸਾਜ਼ਿਸ਼ ਸੀ ਕਿ ਦੀਵੇ ਬੁਝ ਗਏ,
ਹਰ ਕਿਸੇ ਤੋਂ ਬਸ ਇਹੋ ਪੁੱਛਿਆ ਨਾ ਕਰ।

ਵੇਖਿਆ ਕਰ ਸਰਸਰੀ ਜਿਸਨੂੰ ਮਿਲੇਂ,
ਦੇਰ ਤਕ ਹਰ ਸ਼ਖ਼ਸ ਨੂੰ ਪੜ੍ਹਿਆ ਨਾ ਕਰ।

ਵਕਤ ਦੀ ਇਸ ਰੇਤ ਉੱਤੇ ਤੂੰ 'ਸ਼ਸ਼ੀ',
ਆਪਣਾ ਹੀ ਨਾਂ ਸਦਾ ਲਿਖਿਆ ਨਾ ਕਰ।

•

❑

ਮਰਹਲਾ ਸਖ਼ਤ ਸਹੀ ਫਿਰ ਵੀ ਗੁਜ਼ਰ ਜਾਵਾਂਗਾ।
ਹੌਸਲਾ ਹਾਰ ਕੇ ਬੈਠਾਂਗਾ ਤਾਂ ਮਰ ਜਾਵਾਂਗਾ।

ਜ਼ਿੰਦਗੀ ਹੁਣ ਕੋਈ ਵਾਅਦਾ ਨਾ ਕਰਾਂਗਾ, ਕਿਉਂਕਿ
ਮੈਨੂੰ ਡਰ ਹੈ ਕਿ ਮੈਂ ਇਕ ਰੋਜ਼ ਮੁਕਰ ਜਾਵਾਂਗਾ।

ਬਰਫ਼ ਹੀ ਬਰਫ਼ ਨਜ਼ਰ ਆਉਂਦੀ ਹੈ ਹੁਣ ਹਰ ਪਾਸੇ,
ਬਰਫ਼ ਦੇ ਕੋਲ ਮੈਂ ਜਾਵਾਂਗਾ ਤਾਂ ਠਰ ਜਾਵਾਂਗਾ।

ਮੇਰੇ ਗਲ ਲਗ ਕੇ ਬਹੁਤ ਰੋਣਗੇ ਕੰਧਾਂ-ਕੌਲੇ,
ਬਾਅਦ ਵਰ੍ਹਿਆਂ ਤੋਂ ਜਦੋਂ ਮੁੜ ਕੇ ਮੈਂ ਘਰ ਜਾਵਾਂਗਾ।

ਇਹ ਸਮੁੰਦਰ ਦਾ ਸਫ਼ਰ ਹੈ ਜੋ ਮੁੱਕਦਰ ਮੇਰਾ,
ਇਸ ਸਮੁੰਦਰ ਨੂੰ ਵੀ ਇਕ ਰੋਜ਼ ਮੈਂ ਤਰ ਜਾਵਾਂਗਾ।

ਟੁੱਟ ਜਾਵਾਂ ਕਿ ਸਬੂਤਾ ਮੈਂ ਰਹਾਂ, ਜੋ ਵੀ ਹੋਵੇ
ਜਿੱਥੇ ਪਹਿਰੇ ਨੇ ਬਹੁਤ ਓਸ ਨਗਰ ਜਾਵਾਂਗਾ।

•

❑

ਜ਼ਿੰਦਗੀ ਤੇ ਮੌਤ ਤੋਂ ਕੀ ਹੈ ਪਰ੍ਹਾਂ।
ਇਹ ਸਮਝ ਤੋਂ ਦੂਰ ਗੱਲਾਂ ਗੂੜ੍ਹੀਆਂ।

ਜੀਅ ਇਹ ਚਾਹੁੰਦਾ ਹੈ ਕਿ ਥਲ ਵਿਚ ਆਪਣੇ,
ਸ਼ੂਕਦਾ ਹੋਇਆ ਮੈਂ ਦਰਿਆ ਵਾਹ ਦਿਆਂ।

ਖ਼ੁਦ ਨੂੰ ਲੱਭਣ ਵਾਸਤੇ ਮੈਂ ਉਮਰ ਭਰ,
ਭਟਕਦਾ ਫਿਰਦਾ ਰਿਹਾਂ ਹਾਂ ਥਾਂ-ਕੁ-ਥਾਂ।

ਬੈਠ ਜਾਵਾਂ ਪਲ ਦੋ ਪਲ ਮੈਂ ਵੀ ਜ਼ਰਾ,
ਮੈਨੂੰ ਮਿਲ ਜਾਵੇ ਜੇ ਕਿਧਰੇ ਠੰਡੀ ਛਾਂ।

ਹਾਣ ਦਾ ਅਪਣੇ ਕੋਈ ਲੱਭਣਾ ਨਹੀਂ,
ਹੁਣ ਪਰਤ ਜਾਵਾਂ ਵੀ ਜੇ ਅਪਣੇ ਗਰਾਂ।

ਜ਼ਿੰਦਗੀ ਹੈ ਚਿੱਟੀ ਚਾਦਰ ਸਾਥਣੇ,
ਪਾ ਦੇ ਇਸ 'ਤੇ ਮੋਰ, ਤਿੱਤਰ, ਘੁੱਗੀਆਂ।

•

❑

ਨਾਲ ਫੁੱਲਾਂ ਦੇ ਮੇਰੇ ਘਰ ਨੂੰ ਸਜਾਉਂਦੇ ਕਿਉਂ ਹੋ?
ਜਾਗਦੀ ਅੱਖ ਨੂੰ ਇਹ ਖ਼ੂਾਬ ਵਿਖਾਉਂਦੇ ਕਿਉਂ ਹੋ?

ਭੁੱਲ ਬੈਠਾ ਹਾਂ ਬੜੀ ਦੇਰ ਤੋਂ ਇਸ ਨਿਸਬਤ ਨੂੰ,
ਉਹ ਮਿਰਾ ਵੀ ਸੀ ਕਦੇ ਯਾਦ ਦਿਵਾਉਂਦੇ ਕਿਉਂ ਹੋ?

ਡਗਮਗਾਉਂਦਾ ਹਾਂ ਤਾਂ ਡਿਗ ਜਾਣ ਦਿਉਂ ਅੱਜ ਮੈਨੂੰ,
ਆਈਨੇ ਟੁੱਟਦੇ ਰਹਿੰਦੇ ਨੇ ਬਚਾਉਂਦੇ ਕਿਉਂ ਹੋ?

ਅੱਖ ਫਿਰ ਅੱਖ ਹੈ ਆਖ਼ਿਰ ਨੂੰ ਛਲਕ ਜਾਵੇਗੀ,
ਦੁੱਖ ਭਰੇ ਦਿਨ ਦੀ ਕਹਾਣੀ ਇਹ ਸੁਣਾਉਂਦੇ ਕਿਉਂ ਹੋ?

ਹੁਣ ਨਾ ਦਿਲ ਵਿਚ ਕੋਈ ਸੁਰ ਹੈ ਨਾ ਕੋਈ ਸਾਜ਼ ਨਾ ਲੈਅ,
ਘੂਕ ਸੁੱਤੇ ਪਏ ਨਗ਼ਮੇ ਨੂੰ ਜਗਾਉਂਦੇ ਕਿਉਂ ਹੋ?

ਦੂਰ ਹੋ ਬੈਠੇ ਹੋ ਇਸ ਦਿਲ ਤੋਂ ਮੇਰੇ ਜੇਕਰ ਹੁਣ,
ਅਪਣੀਆਂ ਯਾਦਾਂ ਦੀ ਮਹਿਫ਼ਿਲ ਨੂੰ ਸਜਾਉਂਦੇ ਕਿਉਂ ਹੋ?

•

❑

ਸਹਿਮਿਆ ਹੋਇਆ ਮੈਂ ਘਰ ਨੂੰ ਪਰਤਿਆ।
ਕੀ ਇਹਾ ਸੀ ਰਾਹ 'ਚ ਜੋ ਮੈਂ ਦੇਖਿਆ।

ਮੇਰੇ ਅੰਬਰ ਤੋਂ ਸਿਤਾਰਾ ਟੁੱਟ ਕੇ,
ਦੂਰ ਜਾ ਤੇਰੇ ਖ਼ਲਾਅ ਵਿਚ ਖੋ ਗਿਆ।

ਅੱਖ ਨੇ ਮੋਤੀ ਲੁਟਾਏ ਦੇਰ ਤਕ,
ਬਸ ਜ਼ਰਾ ਕੁ ਅੱਜ ਸੀ ਮੈਂ ਹੱਸਿਆ।

ਇਕ ਘੁਟਨ ਮਹਿਸੂਸ ਕੀਤੀ ਦੇਰ ਤਕ,
ਸੰਸਿਆਂ ਨੇ ਜਦ ਵੀ ਮਨ ਨੂੰ ਘੇਰਿਆ।

ਹੰਝੂਆਂ ਨੇ ਖੋਲ੍ਹ ਦਿੱਤੇ ਭੇਤ ਸਭ,
ਮੈਂ ਇਨ੍ਹਾਂ ਨੂੰ ਬੇਜ਼ਬਾਂ ਸੀ ਸਮਝਿਆ।

ਬੇਖ਼ੁਦੀ ਵਿਚ ਖੌਰੇ ਕਿੱਥੇ ਆ ਗਿਆਂ,
ਆਪਣੇ ਹੀ ਆਪ ਨੂੰ ਮੈਂ ਭਾਲਦਾ।

ਜਗਮਗਾਉਂਦਾ ਸੀ ਜੋ ਮੇਰੇ ਰਾਹ ਨੂੰ,
ਉਹ ਟਟਹਿਣਾ ਵੀ ਕਦੋਂ ਦਾ ਬੁਝ ਗਿਆ।

ਕੱਲ੍ਹ ਰਾਤੀਂ ਸੁਫ਼ਨਿਆਂ ਦਾ ਕਾਫ਼ਿਲਾ,
ਮੇਰੀਆਂ ਅੱਖਾਂ 'ਚੋਂ ਹੋ ਕੇ ਲੰਘਿਆ।

•

❑

ਨਹੀਂ ਹਾਂ ਹਾਲੇ ਵੀ ਮੁਨਕਰ ਮੈਂ ਤੇਰੀ ਚਾਹਤ ਤੋਂ।
ਹੰਢਾਅ ਰਿਹਾ ਹਾਂ ਤਿਰੇ ਦਿੱਤੇ ਗ਼ਮ ਨੂੰ ਮੁੱਦਤ ਤੋਂ।

ਇਹ ਉਸਦੇ ਵਾਸਤੇ ਸੰਕੇਤ ਹੈ ਮੁਸੀਬਤ ਦਾ,
ਉਹ ਡਰ ਰਿਹਾ ਹੈ ਮੇਰੀ ਚੁੱਪ ਦੀ ਬਗ਼ਾਵਤ ਤੋਂ।

ਓ ਚਾਰਾਸਾਜ਼ ਮੇਰੇ ਹਾਲ 'ਤੇ ਤੂੰ ਛੱਡ ਮੈਨੂੰ,
ਮੈਂ ਡਰ ਰਿਹਾਂ ਹਾਂ ਕਿਸੇ ਵੀ ਤਰ੍ਹਾਂ ਦੀ ਰਾਹਤ ਤੋਂ।

ਉਡੀਕ ਹੈ ਕਿਸੇ ਦਸਤਕ ਦੀ ਘਰ ਦੇ ਬੂਹੇ ਨੂੰ,
ਉਹ ਕੀ ਕਰੇ ਕਿ ਉਹ ਮਜਬੂਰ ਅਪਣੀ ਆਦਤ ਤੋਂ।

ਬਹੁਤ ਸੰਭਲ ਕੇ ਲਿਖੇ ਜੋ ਵੀ ਖ਼ਤ ਲਿਖੇ ਤੈਨੂੰ,
ਪਤਾ ਨਾ ਚੱਲੇ ਮੇਰੇ ਦਰਦ ਦਾ ਕਿਸੇ ਖ਼ਤ ਤੋਂ।

ਬਦਲਦੇ ਵਕਤ ਨੇ ਤਾਂ ਆਖਿਆ ਕਈ ਵਾਰੀ,
ਜੁਦਾ ਨਾ ਮੈਂ ਹੀ ਕਦੇ ਹੋਇਆ ਅਪਣੀ ਵਹਿਸ਼ਤ ਤੋਂ।

ਮੈਂ ਸਜਦਾਗਾਹ ਬਣਾਇਆ ਹੈ ਜਦ ਤੋਂ ਮਕਤਲ ਨੂੰ,
ਸਿਤਮ ਦੀ ਤੇਗ਼ ਪਰੀਸ਼ਾਂ ਹੈ ਮੇਰੀ ਜੁਅਰਤ ਤੋਂ।

•

❑

ਸ਼ੀਸ਼ਾ ਕਿਧਰੇ ਟੁੱਟਿਆ ਕੋਈ ਨਹੀਂ।
ਅਕਸ ਫਿਰ ਵੀ ਸਾਬਤਾ ਕੋਈ ਨਹੀਂ।

ਤੈਰ ਕੇ ਕਰਨਾ ਹੈ ਦਰਿਆ ਪਾਰ ਹੁਣ,
ਹੋਇਆ ਕੀ ਜੇ ਨਾਖ਼ੁਦਾ ਕੋਈ ਨਹੀਂ।

ਹੁਣ ਤਾਂ ਮੈਨੂੰ ਰਸਤਿਆਂ ਦੀ ਹੈ ਖ਼ਬਰ,
ਮੰਜ਼ਿਲਾਂ ਦਾ ਹੁਣ ਪਤਾ ਕੋਈ ਨਹੀਂ।

ਪਹਿਲਾਂ ਮੈਂ ਖ਼ੁਦ ਤੋਂ ਬਹੁਤ ਹੀ ਦੂਰ ਸੀ,
ਦਰਮਯਾਂ ਹੁਣ ਫ਼ਾਸਿਲਾ ਕੋਈ ਨਹੀਂ।

ਜਿਸ ਨੇ ਖ਼ੁਦ ਨੂੰ ਜਾਣਿਆ ਉਸ ਜਾਣਿਆ
ਮੇਰੇ ਤੋਂ ਵਧ ਕੇ ਬੁਰਾ ਕੋਈ ਨਹੀਂ।

ਹੁਣ ਕਿਸੇ ਦੀ ਵੀ ਨਹੀਂ ਕੋਈ ਪਛਾਣ,
ਇਸ ਤੋਂ ਵੱਡਾ ਹਾਦਸਾ ਕੋਈ ਨਹੀਂ।

•

❑

ਹੁਣ ਕਿੱਧਰ ਜਾਵਾਂਗਾ ਮੈਥੋਂ ਪੁੱਛੋ ਨਾ।
ਪਾਗਲ ਲੋਕੋ ਮੇਰਾ ਰਸਤਾ ਰੋਕੋ ਨਾ।

ਇਕ ਪੱਥਰ ਹੀ ਸ਼ੀਸ਼ਾ ਤੋੜ ਕੇ ਰਖ ਦਿੰਦੈ,
ਬੇਘਰ ਲੋਕੋ ਹਿੱਮਤ ਹਾਰ ਕੇ ਬੈਠੋ ਨਾ।

ਹਿੱਮਤ ਵਾਲੇ ਬਾਜ਼ੀ ਮਾਰ ਹੀ ਲੈਂਦੇ ਨੇ,
ਕਰ ਗੁਜ਼ਰੋ ਕੁਝ ਖ਼ਾਲੀ ਬੈਠ ਕੇ ਸੋਚੋ ਨਾ।

ਕਿੰਨੇ ਭੇਸ ਬਦਲ ਕੇ ਲੋਕੀਂ ਫਿਰਦੇ ਨੇ,
ਹਰ ਇਕ ਦੇ ਲਈ ਦਿਲ ਦਾ ਬੂਹਾ ਖੋਲ੍ਹੋ ਨਾ।

ਰਿਸ਼ਤਾ ਧਰਤੀ ਨਾਲ ਨਾ ਕਿਧਰੇ ਟੁੱਟ ਜਾਵੇ,
ਖੰਭ ਲਗਾ ਕੇ ਇਉਂ ਅਰਸ਼ਾਂ 'ਤੇ ਉੱਡੋ ਨਾ।

•

❑

ਆਪਣੀ ਸ਼ੋਹਰਤ ਤੋਂ ਲੈ ਕੇ ਵਕਤ ਦੀ ਇਸ ਮਾਰ ਤਕ।
ਕਰ ਲਿਆ ਲੰਮਾ ਸਫ਼ਰ ਤੈਅ ਜਿੱਤ ਤੋਂ ਮੈਂ ਹਾਰ ਤਕ।

ਬਾਤ ਜੋ ਆਪਾ ਭੁਲਾ ਕੇ ਸੁਰ ਤੋਂ ਬੇਸੁਰ ਹੋ ਗਈ,
ਅੰਤ ਨੂੰ ਉਹ ਬਾਤ ਜਾ ਪਹੁੰਚੀ ਹੈ ਹੁਣ ਤਕਰਾਰ ਤੱਕ।

ਹਸ਼ਰ ਕੀ ਹੋਵੇਗਾ ਇਸਦਾ ਇਹ ਨਹੀਂ ਮੈਨੂੰ ਪਤਾ,
ਹੱਥ ਉਸਦਾ ਆ ਗਿਆ ਹੈ ਹੁਣ ਮੇਰੀ ਦਸਤਾਰ ਤਕ।

ਮੇਲ ਜੋਗੀ ਥਾਂ ਵੀ ਹੁਣ ਕਿਧਰੇ ਨਜ਼ਰ ਆਉਂਦੀ ਨਹੀਂ,
ਬਾਤ ਆਖ਼ਿਰਕਾਰ ਆ ਪਹੁੰਚੀ ਹੈ ਹੁਣ ਇਨਕਾਰ ਤਕ।

ਇਹ ਜੁਦਾਈ ਆਪਾਂ ਦੋਵਾਂ ਨੂੰ ਬਹੁਤ ਮੰਹਿਗੀ ਪਈ,
ਦੂਰ ਹੋ ਗਲਵੱਕੜੀ ਤੋਂ ਆ ਗਏ ਤਲਵਾਰ ਤਕ।

ਪੋਟਾ-ਪੋਟਾ ਇਸ ਸਫ਼ਰ ਦਾ ਮਾਣਿਆ ਹੈ ਮੈਂ 'ਸ਼ਸ਼ੀ',
ਮੇਰੀ ਪਰਕਰਮਾ ਰਹੀ ਫੁੱਲਾਂ ਤੋਂ ਲੈ ਕੇ ਖ਼ਾਰ ਤਕ।

•

❑

ਤਰਲਾ ਮੈਥੋਂ ਨਹੀਂ ਕਰ ਹੋਇਆ।
ਉਹਨਾਂ ਤੋਂ ਇਹ ਨਹੀਂ ਜਰ ਹੋਇਆ।

ਸ਼ੀਸ਼ੇ ਦੇ ਦਿਲ ਵਾਲਾ ਇਕ ਦਿਨ,
ਪੱਥਰਾਂ ਦੇ ਸੰਗ ਪੱਥਰ ਹੋਇਆ।

ਅਪਣੇ ਘਰ ਦੇ ਸਾਮ੍ਹਣੇ ਆ ਕੇ,
ਖੜ੍ਹਾ ਹੈ ਕੋਈ ਬੇਘਰ ਹੋਇਆ।

ਜੋ ਸੀ ਕੱਲ੍ਹ ਤਕ ਬਾਹਰ ਹੁੰਦਾ,
ਅੱਜ ਉਹ ਮੇਰੇ ਅੰਦਰ ਹੋਇਆ।

ਕੌਣ ਪਰਾਈ ਮੌਤ ਹੈ ਮਰਦਾ,
ਇਹ ਤਾਂ ਮੈਥੋਂ ਹੀ ਮਰ ਹੋਇਆ।

ਹੋ ਨਹੀਂ ਸਕਦਾ ਕਦੇ ਵੀ ਏਦਾਂ,
ਮੈਂ ਵੀ ਕਹਿੰਦਾ ਸੀ, ਪਰ ਹੋਇਆ।

ਇਕ ਨਾ ਜਗਦਾ ਦੀਵਾ ਮੈਥੋਂ,
ਬੂਹੇ ਦੇ ਉੱਤੇ ਧਰ ਹੋਇਆ।

ਜੋ ਹੁੰਦਾ ਹੈ ਕਦੀ ਕਦਾਈਂ,
ਮੇਰੇ ਨਾਲ ਉਹ ਅਕਸਰ ਹੋਇਆ।

ਕੱਲ੍ਹ ਮੇਰਾ ਸੀ, ਅੱਜ ਤੇਰਾ ਹੈ,
ਕਦੋਂ ਕਿਸੇ ਦਾ ਅੰਬਰ ਹੋਇਆ।

ਛੱਡ ਕੇ ਜੁੱਸਾ ਫੁੱਲਾਂ ਵਰਗਾ,
ਉਹ ਖ਼ੁਸ਼ਬੂ ਦਾ ਪੈਕਰ ਹੋਇਆ।
•

❑

ਛੱਲਾਂ ਉੱਪਰ ਤਰਦੀ ਕੌਈ।
ਗੱਲ ਸੁਣਾ ਅੰਦਰ ਦੀ ਕੌਈ।

ਮਰ ਜਾਂਦਾ ਹੈ ਬੰਦਾ ਇਕ ਦਿਨ,
ਇੱਛਾ ਕਦੀ ਨਾ ਮਰਦੀ ਕੌਈ।

ਹਿੱਮਤ ਦੀ ਇਕ ਸੀਮਾ ਨਿਸ਼ਚਿਤ,
ਸੀਮਾ ਨਹੀਂ ਹੈ ਡਰ ਦੀ ਕੌਈ।

ਦੁਰਘਟਨਾ ਕੈਸੀ ਵੀ ਹੋਵੇ,
ਅੱਖ ਨਹੀਂ ਹੁਣ ਭਰਦੀ ਕੌਈ।

ਦਿਲ ਦੇ ਵਿਚ ਇਉਂ ਸੱਧਰ ਮਚਲੇ,
ਲਹਿਰ ਜਿਵੇਂ ਸਾਗਰ ਦੀ ਕੌਈ।

ਰੱਤ ਡੁਲ੍ਹਦੀ ਹੈ ਬੇਦੋਸ਼ਾਂ ਦੀ,
ਜ਼ਾਤ ਨਹੀਂ ਖੰਜਰ ਦੀ ਕੌਈ।

ਜਿਸ ਨੂੰ ਦਿਲਬਰ ਸਮਝ ਰਿਹਾਂ ਹਾਂ,
ਮੂਰਤ ਹੈ ਪੱਥਰ ਦੀ ਕੌਈ।
•

❑

ਉਹ ਜੇ ਵੱਖਰੇ ਖ਼ਿਆਲ ਦਾ ਹੈ ਤਾਂ ਕੀ।
ਗੱਲ ਮੇਰੀ ਉਹ ਟਾਲਦਾ ਹੈ ਤਾਂ ਕੀ।

ਫਿਰ ਤੋਂ ਆਵਾਂਗਾ ਸ਼ੀਸ਼ਾ ਬਣ ਕੇ ਮੈਂ,
ਉਹ ਜੇ ਪੱਥਰ ਉਛਾਲਦਾ ਹੈ ਤਾਂ ਕੀ।

ਬੁਝ ਗਈ ਅੱਖ ਬੁਝ ਗਏ ਰਸਤੇ,
ਹੁਣ ਜੇ ਉਹ ਦੀਵੇ ਬਾਲਦਾ ਹੈ ਤਾਂ ਕੀ।

ਟੁੱਟ ਕੇ ਚੂਰ ਹੋ ਗਿਆ ਸ਼ੀਸ਼ਾ,
ਹੁਣ ਉਹ ਕਿਰਚਾਂ ਸੰਭਾਲਦਾ ਹੈ ਤਾਂ ਕੀ।

ਹੋ ਗਿਆ ਹਾਂ ਮੈਂ ਦੂਰ ਅਪਣੇ ਤੋਂ,
ਮੈਨੂੰ ਹੁਣ ਕੋਈ ਭਾਲਦਾ ਹੈ ਤਾਂ ਕੀ।

ਹੁਣ ਤਬੀਅਤ 'ਚ ਵੀ ਹੈ ਬੇਜ਼ਾਰੀ,
ਇਹ ਜੇ ਜਲਵਾ ਕਮਾਲ ਦਾ ਹੈ ਤਾਂ ਕੀ।

•

❑

ਉਨ੍ਹਾਂ ਤੋਂ ਆਸ ਹੈ ਸਾਨੂੰ ਕਿ ਹੱਲ ਲੱਭਣਗੇ ਗ਼ੁਰਬਤ ਦਾ।
ਜਿਨ੍ਹਾਂ ਦੇ ਕੋਲ ਸੋਚਣ ਨੂੰ ਨਹੀਂ ਇਕ ਪਲ ਵੀ ਫ਼ੁਰਸਤ ਦਾ।

ਮੈਂ ਉਸਦੀ ਰਾਹਬਰੀ ਵਿਚ ਕਿਸ ਤਰ੍ਹਾਂ ਮਹਿਫ਼ੂਜ਼ ਰਹਿ ਸਕਦਾਂ,
ਕਿ ਜਿਸਨੂੰ ਹਰ ਸਮੇਂ ਧੜਕਾ ਹੈ ਅਪਣੀ ਹੀ ਹਿਫ਼ਾਜ਼ਤ ਦਾ।

ਮੈਂ ਸਾਰੇ ਰਿਸ਼ਤਿਆਂ ਤੋਂ ਦੂਰ ਹੋ ਕੇ ਹੁਣ ਇਕੱਲਾ ਹਾਂ,
ਬਹੁਤ ਮਹਿੰਗਾ ਪਿਆ ਹੈ ਮੈਨੂੰ ਸੌਦਾ ਅਪਣੀ ਸ਼ੋਹਰਤ ਦਾ।

ਅਜੇ ਵੀ ਲੋਕ ਵਿਕ ਜਾਂਦੇ ਨੇ ਏਥੇਂ ਸਿੱਕਿਆਂ ਖ਼ਾਤਿਰ,
ਨਹੀਂ ਅੰਦਾਜ਼ਾ ਉਨ੍ਹਾਂ ਨੂੰ ਅਜੇ ਤਕ ਅਪਣੀ ਤਾਕਤ ਦਾ।

ਨਾ ਜਾਂਦੇ ਦੇਸ ਛੱਡ ਪਰਦੇਸ ਇਹ ਗੱਭਰੂ ਕਦੀ ਜੇਕਰ,
ਇਨ੍ਹਾਂ ਨੂੰ ਮੁੱਲ ਮਿਲ ਜਾਂਦਾ ਸਹੀ ਅਪਣੀ ਲਿਆਕਤ ਦਾ।

ਉਹੋ ਕਿਰਦਾਰ ਬਣਦੇ ਨੇ 'ਸ਼ਸ਼ੀ' ਮੇਰੀ ਕਹਾਣੀ ਦੇ,
ਜਿਨ੍ਹਾਂ ਨੂੰ ਮੁੱਲ ਨਹੀਂ ਮਿਲਦਾ ਕਦੀ ਵੀ ਆਪਣੀ ਮਿਹਨਤ ਦਾ।

•

❑

ਪਹਿਲਾਂ ਵਰਗਾ ਮੈਂ ਨਾ ਪਹਿਲਾਂ ਵਰਗੇ ਉਹ ਹਾਲਾਤ ਹੁਣ।
ਦਿਨ ਖੜ੍ਹੇ ਹੀ ਘੁੰਮਦੀ ਰਹਿੰਦੀ ਹੈ ਅਕਸਰ ਰਾਤ ਹੁਣ।

ਮੁੱਕਦੀ ਜਾਂਦੀ ਹੈ ਦਿਲ ਦੀ ਖਿੱਚ ਇਕ ਦੂਜੇ ਲਈ,
ਬਸ ਜ਼ਰੂਰਤ ਤਕ ਸਿਮਟ ਕੇ ਰਹਿ ਗਈ ਹਰ ਬਾਤ ਹੁਣ।

ਕੋਈ ਪੰਛੀ ਹੀ ਨਾ ਗਾਉਂਦਾ ਹੈ ਨਾ ਵਗਦੀ ਹੈ ਹਵਾ,
ਚੁੱਪ-ਚਪੀਤੇ ਹੀ ਤੁਰੀ ਆਉਂਦੀ ਹੈ ਹਰ ਪਰਭਾਤ ਹੁਣ।

ਇਕ ਮਸ਼ੀਨੀ ਪੁਰਜ਼ਾ ਬਣ ਕੇ ਰਹਿ ਗਿਆ ਹੈ ਆਦਮੀ,
ਹੁਣ ਨਾ ਕੁਝ ਪਹਿਚਾਣ ਉਸਦੀ ਹੈ ਨਾ ਕੁਝ ਔਕਾਤ ਹੁਣ।

ਜ਼ਿੰਦਗੀ ਸ਼ਤਰੰਜ ਦੀ ਬਾਜ਼ੀ ਹੈ ਹੁਣ ਆਈ ਸਮਝ,
ਜਾਣਦਾ ਹਾਂ ਬਾਜ਼ੀ ਅਪਣੀ ਹੋ ਰਹੀ ਹੈ ਮਾਤ ਹੁਣ।
•

❑

ਜੋ ਮੈਂ ਮਹਿਸੂਸਦਾ ਹਾਂ ਰੋਜ਼ ਅੰਦਰ ਜ਼ਲਜ਼ਲੇ ਵਰਗਾ।
ਨਹੀਂ ਦਿੱਸਦਾ ਕਿਸੇ ਵੀ ਅੱਖ ਨੂੰ ਉਹ ਹਾਦਸੇ ਵਰਗਾ।

ਰਹਾਂਗੇ ਸਾਥ ਫਿਰ ਵੀ ਇਹਤਿਆਤਨ ਇਹ ਜ਼ਰੂਰੀ ਹੈ,
ਰਹੇ ਵਿਚਕਾਰ ਅਪਣੇ ਕੁਝ ਰਤਾ ਕੁ ਫ਼ਾਸਿਲੇ ਵਰਗਾ।

ਰਿਹਾ ਹੈ ਭਾਲਦਾ ਹਰ ਕੋਈ ਇੱਥੇ ਅਕਸ ਅਪਣਾ ਹੀ,
ਨਹੀਂ ਮਿਲਿਆ ਕਿਸੇ ਨੂੰ ਅੱਜ ਤੀਕਰ ਆਪਣੇ ਵਰਗਾ।

ਜ਼ਰਾ ਕੁ ਕੱਚ ਰਹਿ ਜਾਂਦਾ ਹੈ ਕੋਈ ਫੈਸਲਾ ਹੋਵੇ,
ਕੋਈ ਇਨਸਾਫ਼ ਨਹੀਂ ਹੁੰਦਾ ਸਮੇਂ ਦੇ ਫ਼ੈਸਲੇ ਵਰਗਾ।

ਕਹਾਂ ਦੀਵਾਨਾ ਜਾਂ ਵਹਿਸ਼ੀ ਕਹਾਂ ਕੀ ਉਸਨੂੰ ਮੈਂ ਆਖ਼ਿਰ,
ਨਹੀਂ ਆਇਆ ਨਜ਼ਰ ਮੈਨੂੰ ਕਦੀ ਉਸ ਸਿਰ-ਫਿਰੇ ਵਰਗਾ।

•

❑

ਟੋਟੇ-ਟੋਟੇ ਧਰਤੀ ਹੋਈ ਕਿਸ ਨੂੰ ਦਰਦ ਸੁਣਾਵਾਂ।
ਅੰਬਰ ਰਹੇ ਸਲਾਮਤ ਸਿਰ 'ਤੇ ਮੰਗਾਂ ਇਹੋ ਦੁਆਵਾਂ।

ਖੌਰੇ ਕਿੱਥੇ ਹਿਜਰਤ ਕਰ ਗਏ ਉਹ ਮੰਜ਼ਿਲ ਦੇ ਸੁਪਨੇ,
ਕਿੱਧਰ ਤੁਰ ਗਏ ਰਾਹੀ ਸਾਰੇ ਕਿੱਧਰ ਗਈਆਂ ਰਾਹਵਾਂ।

ਥੇਹ ਦੀ ਇਸ ਮਿੱਟੀ ਦੇ ਵਿਚ ਨੇ ਦਫ਼ਨ ਹਜ਼ਾਰਾਂ ਕਿੱਸੇ,
ਅੱਗੇ ਹੋ ਕੇ ਦੇਣ ਗਵਾਹੀ ਬੁੱਢੀਆਂ ਕਥਾ-ਕਥਾਵਾਂ।

ਧੁੱਪਾਂ ਦੇ ਵਿੱਚ ਭੁੱਜਦੀ ਦੇਹ ਨੂੰ ਕਿਧਰੋਂ ਆਸ ਨਾ ਕੋਈ,
ਹਰਿਆਵਲ ਦੇ ਗੀਤ ਗੁਆਚੇ ਜ਼ਖ਼ਮੀ ਹੋਇਆਂ ਛਾਵਾਂ।

ਭਰਦੀ ਹੈ ਪਰਵਾਜ਼ ਹਯਾਤੀ ਮਮਤਾ ਦੇ ਖੰਭ ਲੈ ਕੇ,
ਸ਼ਾਲਾ ਰਹਿਣ ਹਮੇਸ਼ਾ ਸਿਰ 'ਤੇ ਇਹ ਰੱਬ ਜਿਹਿਆਂ ਮਾਵਾਂ।

•

❑

ਕੀ ਅਜਿਹਾ ਹੈ ਜੋ ਲੁਕਾਉਂਦਾ ਹਾਂ।
ਚੁੱਪ ਨੂੰ ਸ਼ੋਰ ਵਿਚ ਛੁਪਾਉਂਦਾ ਹਾਂ।

ਰੁੱਤ ਸਾਵਣ ਦੇ ਰਿਸਦੇ ਜ਼ਖ਼ਮਾਂ ਨੂੰ,
ਜੇਠ ਦੀ ਧੁੱਪ ਵਿਚ ਸੁਕਾਉਂਦਾ ਹਾਂ।

ਮੋਏ ਖ਼ੁਆਬਾਂ ਨੂੰ ਵੇਖਦਾ ਹੋਇਆ,
ਜ਼ਿੰਦਗੀ ਦੀ ਮੈਂ ਬਾਤ ਪਾਉਂਦਾ ਹਾਂ।

ਰੁੱਸਿਆ ਹਾਂ ਮੈਂ ਆਪਣੇ ਤੋਂ ਹੀ,
ਆਪਣੇ ਆਪ ਨੂੰ ਮਨਾਉਂਦਾ ਹਾਂ।

ਕਿੱਦਾਂ ਤਿੜਕੇ ਇਹ ਕੱਚ ਦੇ ਸੁਪਨੇ,
ਮਨ ਤੋਂ ਇਸ ਬੋਝ ਨੂੰ ਹਟਾਉਂਦਾ ਹਾਂ।

ਦੂਰ ਹੋਇਆ ਸੀ ਮੈਂ ਕਦੀ ਤੈਥੋਂ,
ਜ਼ਿੰਦਗੀ ਠਹਿਰ ਹੁਣ ਮੈਂ ਆਉਂਦਾ ਹਾਂ।

•

❑

ਕਰਜ਼ ਚਾਹਤ ਦਾ ਅਦਾ ਕਰਦਾ ਰਿਹਾ।
ਨਾ-ਰਵਾ ਨੂੰ ਮੈਂ ਰਵਾ ਕਰਦਾ ਰਿਹਾ।

ਐਬ ਸੀ ਉਸ ਸ਼ਖ਼ਸ ਅੰਦਰ ਬਸ ਇਹੋ,
ਉਹ ਬੁਰੇ ਦਾ ਵੀ ਭਲਾ ਕਰਦਾ ਰਿਹਾ।

ਮੇਰਾ ਅਪਣਾ ਆਪ ਹੀ ਮੇਰਾ ਨਾ ਸੀ,
ਮੈਨੂੰ ਮੈਥੋਂ ਹੀ ਜੁਦਾ ਕਰਦਾ ਰਿਹਾ।

ਤੁਰ ਗਿਆ ਮੋਢੇ 'ਤੇ ਰੱਖ ਕੇ ਜੋ ਸਲੀਬ,
ਉਸ ਦੇ ਹੱਕ ਵਿਚ ਮੈਂ ਦੁਆ ਕਰਦਾ ਰਿਹਾ।

ਦਿਲਰੁਬਾ ਸੀ ਜਾਂ ਸੀ ਕੋਈ ਮਿਹਰਬਾਂ,
ਕੌਣ ਸੀ ਉਹ ਜੋ ਵਫ਼ਾ ਕਰਦਾ ਰਿਹਾ।

•

❑

ਬਸ ਇਹੋ ਹਰ ਦੌਰ ਵਿਚ ਹੁੰਦਾ ਰਿਹਾ।
ਸੱਚ ਸੂਲੀ 'ਤੇ ਸਦਾ ਚੜ੍ਹਦਾ ਰਿਹਾ।

ਬੁਝ ਗਏ ਅੰਗਿਆਰ ਭਾਵੇਂ ਸਭ ਦੇ ਸਭ,
ਇਕ ਸ਼ਰਾਰਾ ਦੇਰ ਤਕ ਮਘਦਾ ਰਿਹਾ।

ਸ਼ੋਰ ਓਨੀ ਦੇਰ ਤਕ ਹਾਵੀ ਰਿਹਾ,
ਜਿੰਨ ਚਿਰ ਮੈਂ ਚੁੱਪ ਸੀ ਬੈਠਾ ਰਿਹਾ।

ਇੱਕ ਮਿੱਟੀ ਦੇ ਖਿਡੌਣੇ ਦੀ ਤਰ੍ਹਾਂ,
ਮੈਂ ਸਦਾ ਬਣਦਾ ਰਿਹਾ, ਟੁੱਟਦਾ ਰਿਹਾ।

ਤੌਖਲਾ ਸੀ ਫਿੱਕਾ ਪੈ ਜਾਵੇਗਾ ਪਰ,
ਰੰਗ ਤੇਰੇ ਪਿਆਰ ਦਾ ਪੱਕਾ ਰਿਹਾ।

ਤੈਨੂੰ ਭੁੱਲਣ ਬਾਰੇ ਜਦ-ਜਦ ਸੋਚਿਆ,
ਜ਼ਿੰਦਗੀ 'ਚੋਂ ਮਨਫ਼ੀ ਕੁਝ ਹੁੰਦਾ ਰਿਹਾ।

•

❑

ਆਪਣੇ ਤੋਂ ਦੂਰ ਕਿੱਧਰ ਤੁਰ ਗਿਆ।
ਆਪਣੇ ਹੀ ਆਪ ਨੂੰ ਉਹ ਭਾਲਦਾ।

ਕਿੰਨੇ ਕੁ ਕੰਡੇ ਚੁਭੇ ਨੇ ਪੈਰ ਵਿਚ,
ਵਿਹਲ ਜੇ ਮਿਲਦੀ ਮੈਂ ਬਹਿ ਕੇ ਵੇਖਦਾ।

ਸਾਂਭ ਕੇ ਰੱਖਿਆ ਮੈਂ ਜਿਸ ਨੂੰ ਉਮਰ ਭਰ,
ਅੱਜ ਆਖ਼ਿਰ ਨੂੰ ਉਹ ਸ਼ੀਸ਼ਾ ਤਿੜਕਿਆ।

ਕੋਈ ਤਾਂ ਮਰਕਜ਼ ਹੈ ਉਸਦੀ ਸੋਚ ਦਾ,
ਦੀਦ ਨੂੰ ਅੱਜ ਉਹ ਕਿਸੇ ਦੀ ਤਰਸਿਆ।

ਹੁਣ ਨਹੀਂ ਰਿਸ਼ਤੇ ਨਿਭਾ ਪਾਵਾਂਗਾ ਮੈਂ,
ਹੁਣ ਤਾਂ ਮੈਂ ਇਹ ਬੋਝ ਢੋਂਦਾ ਥੱਕ ਗਿਆ।

•

❑

ਜਾਪਦਾ ਹੈ ਏਦਾਂ ਜਿੱਦਾਂ ਵਕਤ ਹੈ ਅਖ਼ੀਰ ਦਾ।
ਰੰਗ ਫਿੱਕਾ ਪੈ ਰਿਹੈ ਹਰ ਖ਼੍ਵਾਬ ਦੀ ਤਾਬੀਰ ਦਾ।

ਇਹ ਜੁਦਾ ਮੈਥੋਂ ਨਾ ਇਸ ਤੋਂ ਮੈਂ ਜੁਦਾ ਹੋਇਆ ਕਦੇ,
ਮੇਰੇ ਪੈਰਾਂ ਨਾਲ ਕੀ ਰਿਸ਼ਤਾ ਹੈ ਇਸ ਜ਼ੰਜੀਰ ਦਾ।

ਉਹ ਤਿਰੇ ਤਰਕਸ਼ 'ਚ ਮੁੜ ਕੇ ਆ ਗਿਆ ਹੈ ਜਾਂ ਨਹੀਂ,
ਤੀਰ ਜਿਹੜਾ ਲੰਘਿਆ ਹੈ ਦਿਲ ਨੂੰ ਮੇਰੇ ਚੀਰਦਾ।

ਵੱਖੋ-ਵੱਖ ਤੁਰਦੇ ਰਹੇ ਹਾਂ ਉਮਰ ਭਰ ਦੋਵੇਂ ਅਸੀਂ,
ਸਾਥ ਬਣਿਆ ਹੀ ਨਹੀਂ ਮੇਰਾ ਮੇਰੀ ਤਕਦੀਰ ਦਾ।

ਪੁੱਛਦੇ ਨੇ ਮੈਥੋਂ ਹੁਣ ਉਹ ਐ 'ਸ਼ਸ਼ੀ' ਮੇਰਾ ਪਤਾ,
ਕੀ ਪਤਾ ਦੱਸਾਂ ਕਿਸੇ ਨੂੰ ਵਹਿਣਭਾਗੀਂ ਨੀਰ ਦਾ।

•

❑

ਚਾਹੁੰਦਾ ਹਾਂ ਮੈਂ ਕਿ ਏਦਾਂ ਮੇਰੀ ਸ਼ਿਕਸਤ ਹੋਵੇ।
ਮੇਰੇ ਹੀ ਹੱਥੋਂ ਮੇਰਾ ਸੂਰਜ ਇਹ ਅਸਤ ਹੋਵੇ।

ਇਹ ਹੌਸਲਾ ਹੀ ਮੇਰੀ ਤਾਕਤ ਹੈ, ਜਾਣਦਾ ਹਾਂ,
ਸ਼ਾਲਾ! ਰਹੇ ਸਲਾਮਤ, ਇਹ ਕਦੇ ਨਾ ਅਸਤ ਹੋਵੇ।

ਦਿਲ ਹੈ ਅਜੀਬ ਮੇਰਾ, ਟਿਕਦਾ ਨਹੀਂ ਹੈ ਕਿਧਰੇ,
ਕਦੇ ਪੂਜਦਾ ਹੈ ਬੁੱਤ ਨੂੰ, ਕਦੇ ਖ਼ੁਦ-ਪਰਸਤ ਹੋਵੇ।

ਉਸ ਵਕਤ ਜਾਪਦਾ ਹੈ ਸੰਸਾਰ ਇਕ ਤਮਾਸ਼ਾ,
ਜਿਸ ਵਕਤ ਮੇਰੀ ਸੁਰਤੀ ਖ਼ੁਦ ਆਪ ਮਸਤ ਹੋਵੇ।

ਕਰਜ਼ਾ ਚੁਕਾ ਰਿਹਾ ਹਾਂ ਮੈਂ ਭਟਕਣਾਂ ਦਾ ਸ਼ਾਇਦ,
ਮੇਰੇ ਸਫ਼ਰ 'ਚ ਹਾਇਲ ਸਹਿਰਾ ਕਿ ਦਸ਼ਤ ਹੋਵੇ।

•